Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਸਤੰਬਰ 2016 ਮਾਸਿਕ ਮੁੱਲ : 15/-

ਅਦਾਰਾ 'ਲੁਬਾਣਾ ਸੇਵਕ' ਵੱਲੋਂ 'ਗੁਰੂ ਲਾਧੋ ਰੇ' ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਗੁਰੂ ਲਾਧੋ ਰੇ, ਗੁਰੂ ਲਾਧੋ ਰੇ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਲੁਬਾਣਾ ਭਵਨ ਚੰਡੀਗੜ੍ਹ ਵਿਖੇ 7 ਅਕਤੂਬਰ, 2016 ਨੂੰ 'ਗੁਰੂ ਲਾਧੋ ਰੇ' ਦਿਵਸ ਬੜੀ ਸ਼ਰਧਾ, ਸਤਿਕਾਰ, ਉਤਸ਼ਾਹ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਵਿਚ ਮਨਾਇਆ ਜਾ ਰਿਹਾ ਹੈ। ਬਾਬਾ ਮੱਖਣ ਸ਼ਾਹ ਗੁਰੂ ਘਰ ਦੇ ਪੱਕੇ ਸ਼ਰਧਾਲੂ ਸਨ। ਉਨ੍ਹਾਂ ਨੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਵਿਖੇ ਪ੍ਰਗਟ ਕਰਕੇ ਨਵਾਂ ਇਤਿਹਾਸ ਰਚਿਆ ਸੀ। ਉਨ੍ਹਾਂ ਉੱਪਰ ਗੁਰੂ ਦੀ ਕ੍ਰਿਪਾ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪ੍ਰਗਟ ਕਰਨ ਦੀ ਸੇਵਾ ਦਾ ਹੱਕ ਉਨ੍ਹਾਂ ਨੂੰ ਮਿਲਿਆ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਇਕ ਵੱਡਾ ਵਪਾਰੀ, ਗੁਰਸਿੱਖ ਅਤੇ ਗੁਰੂ ਘਰ ਦਾ ਸ਼ਰਧਾਲੂ ਸੀ। ਸੰਨ 1660 ਈ. ਵਿਚ ਗੁਰੂ ਹਰਿ ਰਾਇ ਸਾਹਿਬ ਜੀ ਦੀ ਕਸ਼ਮੀਰ ਦੀ ਯਾਤਰਾ ਸਮੇਂ ਬਾਬਾ ਜੀ ਦੇ ਪਿਤਾ ਜੀ ਨੇ ਗੁਰੂ ਸਾਹਿਬ ਨੂੰ ਆਪਣੇ ਘਰ ਅਮੰਤ੍ਰਿਤ ਕੀਤਾ ਸੀ। ਇਕ ਵਾਰੀ ਬਾਬਾ ਜੀ ਦਾ ਸਮੁੰਦਰ ਵਿਚ ਜਹਾਜ਼ ਫਸ ਗਿਆ ਅਤੇ ਬਹੁਤ ਯਤਨ ਕਰਨ ਤੇ ਵੀ ਖਤਰੇ ਵਿਚੋਂ ਬਾਹਰ ਨਾ ਹੋ ਸਕਿਆ। ਬਾਬਾ ਜੀ ਨੇ ਇਕ ਮਨ, ਇਕ ਚਿੱਤ ਹੋ ਕੇ ਸੱਚੀ-ਸੁਚੀ ਅਰਦਾਸ ਗੁਰੂ ਦੇ ਚਰਨਾਂ ਵਿਚ ਕੀਤੀ ਜੋ ਕਿ ਬੇੜੇ ਨੂੰ ਸੁਰੱਖਿਅਤ ਕਿਨਾਰੇ ਲੱਗਣ ਵਿਚ ਸਹਾਈ ਹੋਈ। ਬਾਬਾ ਜੀ ਨੇ ਅਰਦਾਸ ਵਿਚ 500 ਸੋਨੇ ਦੀਆਂ ਮੋਹਰਾਂ ਭੇਟਾਂ ਕਰਨ ਦੀ ਸੁੱਖ ਸੁਖੀ ਸੀ। ਬਾਬਾ ਮੱਖਣ ਸ਼ਾਹ ਜੀ ਕੁਝ ਸਮੇਂ ਪਿੱਛੋਂ ਹੀ ਆਪਣੀ ਭੇਟਾ ਗੁਰੂ ਚਰਨਾਂ ਵਿਚ ਅਰਪਣ ਕਰਨ ਲਈ ਦਿੱਲੀ ਪਹੁੰਚਿਆ ਜਿਥੇ ਸਾਹਿਬ ਸ੍ਰੀ ਹਰਿਕ੍ਰਿਸ਼ਨ ਜੀ ਗੱਦੀ ਤੇ ਸਨ ਪ੍ਰੰਤੂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾਉਣ ਲੱਗੇ ਸਿੱਖਾਂ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਕਿਹਾ ਕਿ ਅਗਲਾ 'ਗੁਰੂ' ਬਾਬਾ ਬਕਾਲੇ, ਜਿਥੇ ਅੱਜਕਲ੍ਹ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਸਥਿਤ ਹੈ। ਬਾਬਾ ਜੀ ਸਮੇਤ ਪਰਿਵਾਰ ਅਤੇ ਪੰਜ ਸੌ ਹਥਿਆਰਬੰਦ ਲਾਮ ਲਸ਼ਕਰ ਨਾਲ ਬਾਬਾ ਬਕਾਲਾ ਸਾਹਿਬ ਵਿਖੇ ਪਹੁੰਚੇ ਅਤੇ ਕੀ ਵੇਖਦੇ ਹਨ ਕਿ ਬਾਈ ਮੰਜੀਆਂ ਤੇ ਅਖੌਤੀ ਗੁਰੂ ਬਣ ਬੈਠੇ ਹੋਏ ਹਨ। ਅਸਲੀ ਗੁਰੂ ਦੀ ਪਛਾਣ ਲਈ ਬਾਬਾ ਜੀ ਨੇ ਵਾਰੀ-ਵਾਰੀ ਹਰੇਕ ਗੁਰੂ ਅੱਗੇ ਪੰਜ-ਪੰਜ ਮੋਹਰਾਂ ਨਾਲ ਮੱਥੇ ਟੇਕਦੇ ਗਏ ਅਤੇ ਗੁਰੂ ਖੁਸ਼ ਹੁੰਦੇ ਗਏ ਪ੍ਰੰਤੂ ਪੰਜ ਸੋ ਮੋਹਰਾਂ ਦਾ ਭੇਦ ਕੋਈ ਨਾ ਬੁੱਝ ਸਕਿਆ। ਬਾਬਾ ਜੀ ਦੀ ਤਸੱਲੀ ਨਾ ਹੋਈ ਅਤੇ ਮਨ ਅਸ਼ਾਂਤ ਹੋ ਗਿਆ। ਹੋਰ ਪੁੱਛਣ ਤੇ ਅੰਤ ਬਾਬਾ ਤੇਗਾ ਜੀ ਦੇ ਚਰਨਾਂ ਵਿਚ ਪੁੱਜ ਕੇ ਪੰਜ ਮੋਹਰਾਂ ਨਾਲ ਜਦੋਂ ਮੱਥਾ ਟੇਕਿਆ ਤਾਂ ਸੱਚੇ ਗੁਰੂ ਨੇ ਕਿਹਾ ਕਿ ਮੱਖਣ ਸ਼ਾਹ ਗੁਰੂ ਮੋਹਰਾਂ ਦਾ ਲਾਲਚੀ ਨਹੀਂ ਪ੍ਰੰਤੂ ਪੰਜ ਸੋ ਮੋਹਰਾਂ ਸੁੱਖ ਕੇ ਪੰਜ ਦੇ ਰਿਹਾ ਹੈ ਅਮਾਨਤ ਵਿਚ ਖਿਆਨਤ ਨਾ ਕਰ। ਬਾਬਾ ਜੀ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ ਅਤੇ ਗੁਰੂ ਸਾਹਿਬ ਦੇ ਨੂਰ ਨਾਲ ਤ੍ਰਿਪਤ ਹੋ ਗਿਆ। ਗੁਰੂ ਜੀ ਨੇ ਮੱਖਣ ਸ਼ਾਹ ਨੂੰ ਕਿਹਾ ਕਿ ਉਨ੍ਹਾਂ ਨੂੰ ਸੰਸਾਰੀ ਦੁਨੀਆਂ ਵਿਚ ਜੋ ਪ੍ਰਗਟ ਕਰੇਗਾ ਉਸ ਦਾ ਮੂੰਹ ਕਾਲਾ ਹੋਵੇਗਾ। ਬਾਬਾ ਜੀ ਨੇ ਮੂੰਹ ਤੇ ਕਾਲਖ ਲਾ ਕੇ ਕੋਠੇ ਉਤੇ ਚੜ੍ਹ ਕੇ ਪੱਲੂ ਫੇਰ ਕੇ ਹੋਕਾ ਦਿੱਤਾ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਅਰਥਾਤ ਗੁਰੂ ਲੱਭ ਪਿਆ ਹੈ। ਸੰਗਤਾਂ ਹੁੰਮ ਹੁਮਾ ਕੇ ਗੁਰੂ ਦਰਸ਼ਨਾਂ ਨੂੰ ਆਈਆਂ ਅਤੇ ਯਥਾਸ਼ਕਤੀ ਭੇਟਾਵਾਂ ਭੇਟ ਕੀਤੀਆਂ। ਬਾਬਾ ਮੱਖਣ ਸ਼ਾਹ ਜੀ ਨੇ ਵੀ ਸਮੇਤ ਪਰਿਵਾਰ ਅਤੇ ਸਾਥੀਆਂ ਨਾਲ ਬਹੁਤ ਕੀਮਤੀ ਭੇਟਾਵਾਂ ਨਜ਼ਰਾਨੇ ਵਜੋਂ ਭੇਟ ਕੀਤੀਆਂ। ਛੇਤੀ ਹੀ ਗੁਰੂ ਜੀ ਨੂੰ ਗੁਰਗੱਦੀ ਤੇ ਸੰਗਤਾਂ ਵਿਚ ਬਿਰਾਜਮਾਨ ਕਰਵਾਇਆ। ਇਸ ਤਰ੍ਹਾਂ ਸਾਰੀ ਦੁਨੀਆਂ ਨੂੰ ਗੁਰੂ ਘਰ ਦੇ ਨੌਵੇਂ ਵਾਰਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪਤਾ ਲੱਗਾ।

ਅਖੌਤੀ ਗੁਰੂ ਅਤੇ ਉਨ੍ਹਾਂ ਦੇ ਨਾਲ ਲੁੱਟ-ਖਸੁੱਟ ਕਰਨ ਵਾਲੇ ਇਹ ਸਭ ਕੁਝ ਵੇਖ ਸੁਣ ਕੇ ਈਰਖਾਲੂ ਹੋ ਗਏ। ਉਨ੍ਹਾਂ ਗੁਰੂ ਸਾਹਿਬ ਨੂੰ ਇਕਾਂਤ ਸਮੇਂ ਹਮਲਾ ਕਰਕੇ ਸਭ ਭੇਟਾਵਾਂ, ਮਾਲ ਅਸਬਾਬ ਲੁੱਟ ਲਿਆ ਅਤੇ ਇਥੋਂ ਤੱਕ ਕਿ ਗੁਰੂ ਸਾਹਿਬ 'ਤੇ ਗੋਲੀ ਵੀ ਚਲਾ ਦਿੱਤੀ ਜੋ ਛੂੰਹਦੀ ਹੋਈ ਨਿਕਲ ਗਈ। ਜਦੋਂ ਬਾਬਾ ਮੱਖਣ ਸ਼ਾਹ ਜੀ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਬੜੀ ਸੂਰਬੀਰਤਾ ਨਾਲ ਅਤੇ ਆਪਣੇ ਹਥਿਆਰਬੰਦ ਸੈਨਿਕਾਂ ਨਾਲ ਦੁਸ਼ਟਾਂ ਨੂੰ ਸੋਧਿਆ, ਸਭ ਵਸਤਾਂ ਵਾਪਿਸ ਲਿਆਂਦੀਆਂ ਅਤੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜੋ ਧੀਰਮੱਲੀਆ ਕੋਲ ਸੀ, ਗੁਰੂ ਜੀ ਨੂੰ ਦੇ ਦਿੱਤਾ। ਸਭ ਦੁਸ਼ਟਾਂ ਨੂੰ ਮੁਸ਼ਕਾਂ ਬੰਨ੍ਹ ਕੇ ਗੁਰੂ ਸਾਹਿਬ ਜੀ ਦੀ ਹਾਜ਼ਰੀ ਵਿਚ ਪੇਸ਼ ਕੀਤਾ। ਉਨ੍ਹਾਂ ਵੱਲੋਂ ਮੁਆਫ਼ੀ ਮੰਗਣ ਉਪਰੰਤ ਦਿਆਲੂ ਗੁਰੂ ਸਾਹਿਬ ਨੇ ਬਖ਼ਸ਼ ਦਿੱਤਾ ਅਤੇ ਸਭ ਕੁਝ ਸਣੇ ਗੁਰੂ ਅਰਜਨ ਦੇਵ ਜੀ ਵੱਲੋਂ ਤਿਆਰ ਕੀਤਾ ਗ੍ਰੰਥ ਦਾ ਸਰੂਪ ਵਾਪਸ ਕਰ ਦਿੱਤਾ।

ਇਸ ਤੋਂ ਬਾਅਦ ਗੁਰੂ ਤੇਗ਼ ਬਹਾਦਰ ਸਾਹਿਬ ਜੀ 22 ਨਵੰਬਰ 1664 ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ ਜਿਥੇ ਮਸੰਦਾਂ ਨੇ ਹਰਿਮੰਦਰ ਸਾਹਿਬ ਦੇ ਕਬਜ਼ੇ ਦੇ ਡਰ ਤੋਂ ਗੁਰੂ ਜੀ ਨੂੰ ਅੰਦਰ ਨਹੀਂ ਆਉਣ ਦਿੱਤਾ ਅਤੇ ਬਾਬਾ ਮੱਖਣ ਸ਼ਾਹ ਵੱਲੋਂ ਉਨ੍ਹਾਂ ਨੂੰ ਸਮਝਾਉਣ ਲਈ ਵੀ ਨਾਂਹ ਕਿਹਾ ਅਤੇ ਸ਼ਾਂਤਮਈ ਤਰੀਕੇ ਨਾਲ ਵਾਪਸ ਚੱਲ ਪਏ। ਫਿਰ **'ਵੱਲੇ'** ਹੁੰਦੇ ਹੋਏ ਕੀਰਤਪੁਰ ਸਾਹਿਬ ਪੁੱਜ ਗਏ ਅਤੇ ਅਖੀਰ ਮਾਖੋਵਾਲ (ਅਨੰਦਪੁਰ ਸਾਹਿਬ) ਗੁਰੂ ਜੀ ਨਾਲ ਪੁੱਜ ਗਏ। ਗੁਰੂ ਜੀ ਦੇ ਕਹਿਣ ਤੇ ਹੋਰ ਗੁਰਸਿੱਖਾਂ ਨਾਲ ਸਲਾਹ ਕਰਕੇ ਜ਼ਮੀਨ ਖਰੀਦੀ ਜਿਸ ਵਿਚ ਬਾਬਾ ਮੱਖਣ ਸ਼ਾਹ ਜੀ ਨੇ ਵਿਸ਼ੇਸ਼ ਮਾਇਕ ਭੇਟਾ ਕੀਤੀ ਅਤੇ ਅਨੰਦਪੁਰ ਸਾਹਿਬ ਨੂੰ ਖ਼ਾਲਸਾ ਜੀ ਦਾ ਜਨਮ ਅਸਥਾਨ ਬਨਣ ਦਾ ਮਾਣ ਪ੍ਰਾਪਤ ਹੋਇਆ। ਇਸ ਉਪਰੰਤ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਪਹਿਲਾਂ ਗੁਰੂ ਦੇ ਮਹਿਲਾਂ ਤੋਂ ਆਗਿਆ ਲਈ ਅਤੇ ਗੁਰੂ ਸਾਹਿਬ ਦੀ ਆਗਿਆ ਦੇ ਨਾਲ ਆਪਣੇ ਕੰਮ ਨੂੰ ਵਾਪਿਸ ਹੋਇਆ। ਇਹ ਤਰ੍ਹਾਂ ਇਹ ਇਕ ਇਤਿਹਾਸ ਰਹਿੰਦੀ ਦੁਨੀਆਂ ਤੱਕ ਰਚਿਆ ਗਿਆ।

ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਇਸ ਤਰ੍ਹਾਂ ਸਿੱਖ ਜਗਤ ਦੀਆਂ ਮਹਾਨ ਸੇਵਾਵਾਂ ਤਨ, ਮਨ ਅਤੇ ਧੰਨ ਨਾਲ ਗੁਰੂ ਆਸ਼ੇ ਅਨੁਸਾਰ ਕੀਤੀਆਂ ਜੋ ਕਿ ਸਿੱਖ ਜਗਤ ਹਮੇਸ਼ਾ ਯਾਦ ਰੱਖੇਗਾ। ਇਸ ਵੇਲੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਖ-ਵੱਖ ਪ੍ਰਕਾਰ ਦੀਆਂ ਸੇਵਾਵਾਂ ਬਿਨਾਂ ਕਿਸੇ ਜਾਤ-ਪਾਤ, ਖੇਤਰ ਅਤੇ ਉਚ-ਨੀਚ ਦੇ ਬਾਖ਼ੂਬੀ ਨਿਭਾਅ ਰਿਹਾ ਹੈ। ਇਸ ਵਿਚ ਹੈਲਥ ਕੇਅਰ ਸੈਂਟਰ ਵਿਚ ਮੈਡੀਕਲ, ਦੰਦਾਂ, ਕਲੀਨੀਕਲ ਲੈਬੋਰਟਰੀ ਟੈਸਟ, ਫਿਜੀਓਥੈਰਾਪੀ, ਦੂਰ-ਦੁਰਾਡੇ ਪਿੰਡਾਂ ਅਤੇ ਕਸਬਿਆਂ ਵਿਚ ਮੁਫ਼ਤ ਮਰੀਜ਼ ਦੀ ਕਲੀਨੀਕਲ ਲੈਬਾਰਟਰੀ ਟੈਸਟ ਉਨ੍ਹਾਂ ਕੋਲ ਜਾ ਕੇ ਕੀਤੇ ਜਾਂਦੇ ਹਨ। ਇਥੇ ਸ਼ਾਨਦਾਰ ਲਾਇਬ੍ਰੇਰੀ, ਗੁਰੂ ਘਰ, ਮਹੀਨੇਵਾਰ 'ਲੁਬਾਣਾ ਸੇਵਕ' ਦੀ ਪ੍ਰਕਾਸ਼ਨਾ, 22 ਕਮਰਿਆਂ ਵਿਚ ਘੱਟ ਰੇਟਾਂ 'ਤੇ ਰਿਹਾਇਸ਼ੀ ਸੁਵਿਧਾ, ਜਿਸ ਵਿਚ ਆਧੁਨਿਕਰਣ ਕੀਤਾ ਗਿਆ ਹੈ। ਦੋ ਹਾਲ, ਦੋ ਆਡੋਟੋਰੀਅਮ ਅਤੇ ਦੋ ਬੇਸਮੈਂਟ ਹਨ। ਗਰੀਬ, ਲੋੜਵੰਦ ਅਤੇ ਲਾਇਕ ਬੱਚਿਆਂ ਨੂੰ ਵਿੱਦਿਆ ਲਈ ਵਜ਼ੀਫੇ ਲਗਾਤਾਰ ਹਰ ਸਾਲ ਪ੍ਰਦਾਨ ਕੀਤੇ ਜਾਂਦੇ ਹਨ। ਇਹ ਸੰਸਥਾ ਹਰ ਪੱਖੋਂ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਸਾਰੇ ਭਵਨਾਂ ਵਿਚ ਪਿਛਲੇ 12 ਸਾਲਾਂ ਤੋਂ ਅੱਵਲ ਆ ਕੇ ਇਨਾਮ ਪ੍ਰਾਪਤ ਕਰ ਰਹੀ ਹੈ। ਇਹ ਸਭ ਕੁਝ ਬਾਬਾ ਮੱਖਣ ਸ਼ਾਹ ਜੀ ਵੱਲੋਂ ਦਰਸਾਏ ਮਾਰਗ ਅਤੇ ਗੁਰੂ ਸਾਹਿਬਾਨਾਂ ਦੀ ਕ੍ਰਿਪਾ ਨਾਲ ਹੀ ਚੜ੍ਹਦੀ ਕਲਾ ਵਿਚ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਹੇ ਹਨ।


**ਗੁਰਚਰਨ ਸਿੰਘ**

**ਪ੍ਰਧਾਨ ਅਤੇ ਮੁੱਖ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**

**ਮੋ. 98140-17067**


## Raag Dhansari' by Guru Arjan Dev J

**"He alone is called a warrior, in the world, who is coloured in the Lord's in Love,**
**Through the perfect True Guru, He conquers His own mind,**
**And then all else comes under his control, Sing the Praises of the Lord,**
**With the Love of your heart, Those who seek His Sanctuary,**
**And meditate on his qualities, attain the peace of union with Him and live in His presence.**
**At the feet of such (in their company) with them abiding in My heart my body is made pure,**
**Grant me the dust of their feet oh gracious one, Nanak craves only this peace."**

# ਲੁਬਾਣਾ ਸੇਵਕ


**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 55 | ਸਤੰਬਰ - 2016



1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਹਰ ਇਕ ਲਈ ਜ਼ਰੂਰੀ 5
2. ਬਾਣੀ ਵਿਚ ਅੰਧ-ਵਿਸ਼ਵਾਸਾਂ ਦਾ ਖੰਡਨ 7
3. ਗੁਰੂ ਇਤਿਹਾਸ ਦਾ ਇਕ ਨਾਇਕ ਬਾਬਾ ਮੱਖਣ ਸ਼ਾਹ ਲੁਬਾਣਾ 8
4. ਧਰਤੀ ਨੂੰ ਰੇਤ ਦਾ ਮਾਰੂਥਲ ਹੋਣ ਤੋਂ ਬਚਾਉ 10
5. ਨਰਕ ਦੇਖ ਕੇ ਮੈਂ ਥੱਕ ਗਈ 12
6. ਕਿਤੇ ਮਾਰੂਥਲ ਨਾ ਬਣ ਜਾਏ ਪੰਜਾਬ 16
7. ਨਸ਼ੇ ਅਤੇ ਬੱਚੇ 18
8. ਪੰਜਾਬ ਵਿਚ ਸਿਹਤ ਅਤੇ ਵਾਤਾਵਰਨ, ਸੰਕਟਕਾਲੀਨ ਸਥਿਤੀ 21
9. ਸੁੰਗੜਦਾ ਜਾ ਰਿਹਾ ਮਨੁੱਖ 23
10. ਸੋਹਣਾ ਤੇ ਸਸਤਾ ਦੇਸ਼ ਸਵੀਡਨ 26
11. ਕਹਾਣੀ (ਦਿੱਲੀ ਦਾ ਖੁਦਾ) 28
12. ਕਾਵਿ-ਕਿਆਰੀ 31
13. ਸਿਹਤ ਸੰਭਾਲ 33
14. की जाणा मैं कौण? 35
15. जापान के बारे में कुछ मज़ेदार बातें 36
16. The Morals and Ethics of Everlasting Edlock 37
17. Heart Attack Emergency Natural Help 40
18. ਦਾਨੀ ਸੱਜਣਾਂ ਦੀ ਸੂਚੀ 41



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

Computer Designing - WP&S, M.: 98153-78692

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਹਰ ਇਕ ਲਈ ਜ਼ਰੂਰੀ

**ਸ. ਸਿਮਰਜੀਤ ਸਿੰਘ**



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੁਨੀਆ ਨੂੰ ਸੱਚ ਦਾ ਰਾਹ ਦਿਖਾਉਣ ਲਈ ਦੂਰ-ਦੂਰ ਜਾ ਕੇ ਪ੍ਰਚਾਰ ਅਰੰਭ ਕੀਤਾ। ਗੁਰਬਾਣੀ ਦੀ ਰਚਨਾ ਕੀਤੀ ਅਤੇ ਬਹੁਤ ਸਾਰੇ ਮਹਾਂਪੁਰਸ਼ਾਂ ਦੀ ਬਾਣੀ ਇਕੱਤਰਤ ਕਰਨ ਦਾ ਸ਼ੁੱਭ ਕਾਰਜ ਵੀ ਅਰੰਭਿਆ। ਅਗਾਮੀ ਗੁਰੂ ਸਹਿਬਾਨ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਦ ਚਿੰਨ੍ਹਾਂ 'ਤੇ ਚੱਲਦਿਆਂ ਇਹ ਕਾਰਜ ਪੂਰੀ ਜ਼ਿੰਮੇਵਾਰੀ ਨਾਲ ਨਿਭਾਇਆ। ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਇਕੱਤਰਤ ਬਾਣੀ ਦੀ ਸੰਪਾਦਨਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪ੍ਰਕਾਸ਼ ਕਰ ਦਿੱਤਾ। ਇਸ ਗਿਆਨ ਦੇ ਭੰਡਾਰ ਤੋਂ ਆਮ ਜਨਤਾ ਨੂੰ ਜਾਣੂ ਕਰਵਾਉਣ ਲਈ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਦੀ ਅਹਿਮ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਸਾਨੂੰ ਗੁਰਬਾਣੀ ਦੇ ਗੁਰੂ ਹੋਣ ਬਾਰੇ ਅਨੇਕ ਪ੍ਰਮਾਣ ਮਿਲ ਜਾਂਦੇ ਹਨ ਜਿਵੇਂ-ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਅਤੇ ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਸ਼ਾਹ ਦੀ ਬਾਣੀ ਨੂੰ ਇਸ ਵਿਚ ਦਰਜ ਕਰ ਕੇ ਸੰਪੂਰਨ ਕੀਤਾ ਅਤੇ ਨੰਦੇੜ ਦੀ ਧਰਤੀ 'ਤੇ ਪੂਰੇ ਵਿਧੀਵਤ ਤਰੀਕੇ ਨਾਲ ਗੁਰਗੱਦੀ ਬਖ਼ਸ਼ਿਸ਼ ਕਰ ਦਿੱਤੀ।

ਜਾਗਤ-ਜੋਤਿ, ਜੁਗੋ-ਜੁਗ ਅਟੱਲ, ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਹਰ ਇਕ ਲਈ ਅਤਿ ਜ਼ਰੂਰੀ ਹੈ। ਗੁਰਬਾਣੀ ਉਹ ਅਨਮੋਲ ਖ਼ਜ਼ਾਨਾ ਹੈ ਜੋ ਵਿਸ਼ਵ ਪਿੰਡ ਦੀ ਉਸਾਰੀ ਅਤੇ ਸਮੱਸਿਆਵਾਂ ਦੇ ਹੱਲ ਵਿਚ ਅਹਿਮ ਯੋਗਦਾਨ ਪਾ ਸਕਦੀ ਹੈ। ਸਿੱਖੀ ਦੀ ਉਸਾਰੀ ਲਈ ਗੁਰੂ ਸਾਹਿਬਾਨ ਵੱਲੋਂ "ਨਾਮ ਜਪੋ, ਕਿਰਤੋ ਕਰੋ, ਵੰਡ ਛਕੋ" ਦੇ ਮੁੱਖ ਨਿਯਮ ਨੂੰ ਆਧਾਰ ਬਣਾਇਆ ਗਿਆ। ਗੁਰੂ ਸਾਹਿਬ ਦੀ ਨੇ ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ਅਤੇ ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਹੈ। ਇਹ ਨਿਯਮ ਵਿਸ਼ਵ ਪਿੰਡ ਦੀ ਸੁਚੱਜੀ ਉਸਾਰੀ ਲਈ ਅੱਜ ਵੀ ਉਤਨੀ ਹੀ ਮਹੱਤਤਾ ਰੱਖਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਮਗਨ ਸਮੇਂ ਹਰ ਪਾਸੇ ਆਪੋ-ਧਾਪੀ ਫੈਲੀ ਹੋਈ ਸੀ। ਸਾਰੀ ਲੋਕਾਈ ਦੁੱਖਾਂ-ਤਕਲੀਫਾਂ ਨਾਲ ਕਰਾਹ ਰਹੀ ਸੀ। ਮਨੁੱਖ ਹੀ ਮਨੁੱਖ ਨੂੰ ਗ਼ੁਲਾਮ ਬਣਾ ਕੇ ਨਫਰਤ ਕਰ ਰਿਹਾ ਸੀ। ਛੋਟੇ-ਵੱਡੇ, ਜਾਤ-ਪਾਤ, ਊਚ-ਨੀਚ, ਹਿੰਦੂ-ਮੁਸਲਮਾਨ ਦੀ ਈਰਖਾ ਦਾ ਹਰ ਪਾਸੇ ਬੋਲਬਾਲਾ ਸੀ। ਇਸਤਰੀਆਂ ਦੀ ਦਸ਼ਾ ਬਦ ਤੋਂ ਬਦਤਰ ਬਣੀ ਹੋਈ ਸੀ। ਦੁਨੀਆ ਨੂੰ ਰਾਹ ਦਿਖਾਉਣ ਵਾਲੇ ਮਹਾਂਪੁਰਸ਼ ਜੰਗਲਾਂ-ਪਹਾੜਾਂ ਵਿਚ ਜਾ ਲੁਕੇ ਸਨ। ਜਨਤਾ ਨੂੰ ਇਨਸਾਫ ਦੇਣ ਵਾਲੇ ਵਜ਼ੀਰ, ਰਾਜੇ, ਰਾਜੇ ਸਭ ਭ੍ਰਿਸ਼ਟ ਹੋ ਕੇ ਮਾਇਆ ਇਕੱਠੀ ਕਰਨ ਦੀ ਦੌੜ ਵਿਚ ਲੱਗੇ ਹੋਏ ਸਨ। ਇਹ ਰਿਸ਼ਵਤ ਲੈ ਕੇ ਕਿਸੇ ਵੀ ਨਿਰਦੋਸ਼ ਨੂੰ ਦੋਸ਼ੀ ਅਤੇ ਦੋਸ਼ੀ ਨੂੰ ਨਿਰਦੋਸ਼ ਸਿੱਧ ਕਰ ਰਹੇ ਸਨ।

ਹੁਣ ਸਾਨੂੰ ਲੋੜ ਹੈ ਗਿਆਨ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਗਿਆਨ ਹਾਸਲ ਕਰ ਕੇ ਉਸ ਉੱਪਰ ਅਮਲ ਕਰਨ ਦੀ। ਗੁਰੂ ਸਾਹਿਬਾਨ ਦੀ ਬਾਣੀ ਸਾਨੂੰ ਇਕ ਅਕਾਲ ਪੁਰਖ ਨਾਲ ਜੁੜਨ ਅਤੇ ਉਸ ਦਾ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੰਦੀ ਹੈ ਜੋ ਸਾਰੀ ਦੁਨੀਆ ਦਾ ਸਾਂਝਾ ਹੈ। ਉਸ ਲਈ ਹਰ ਇਕ ਮਨੁੱਖ ਬਰਾਬਰ ਹੈ ਕੋਈ ਛੋਟਾ ਜਾਂ ਵੱਡਾ ਨਹੀਂ। ਉਸ ਨੇ ਆਪਣੇ ਕੁਦਰਤੀ ਭੰਡਾਰੇ ਵਿੱਚੋਂ ਸਭ ਨੂੰ ਹਰ ਇਕ ਚੀਜ਼ ਬਰਾਬਰ ਬਖਸ਼ੀ ਹੈ। ਉਸ ਲਈ ਕੋਈ ਛੋਟਾ-ਵੱਡਾ, ਗਰੀਬ-ਅਮੀਰ, ਛੂਤ-ਅਛੂਤ ਨਹੀਂ ਹੈ। ਸ੍ਰੀ ਗੁਰੂ ਸਾਹਿਬ ਜੀ ਤੋਂ ਹਰ ਇਕ ਮਨੁੱਖ ਨੂੰ ਦਸਾਂ ਨਹੁੰਆਂ ਦੀ ਪਵਿੱਤਰ ਕਮਾਈ ਕਰਨ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ। ਇਸ ਨਾਲ ਜਿੱਥੇ ਸਾਡੇ ਮਨ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ ਉੱਥੇ ਨਾਲ ਹੀ ਅਸੀਂ ਅਕਾਲ ਪੁਰਖ ਦੀ ਨੇੜਤਾ ਵੀ ਪ੍ਰਾਪਤ ਕਰਦਾਂ ਹਾਂ। ਪਰਾਈਆਂ ਚੀਜ਼ਾਂ 'ਤੇ ਧੋਖੇ ਨਾਲ ਕਾਬਜ਼ ਹੋਣ ਵਾਲਿਆਂ ਲਈ

ਗੁਰਬਾਣੀ ਵਿਚ ਬਹੁਤ ਸਖਤ ਸ਼ਬਦਾਂ ਨੂੰ ਵਰਤਦਿਆਂ ਫੁਰਮਾਇਆ ਹੈ ਕਿ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਭਾਵ ਕਿ ਮੁਸਲਮਾਨ ਲਈ ਇਹ ਸੂਰ ਦਾ ਮਾਸ ਅਤੇ ਹਿੰਦੂ ਲਈ ਗਊ ਦਾ ਮਾਸ ਖਾਣ ਦੇ ਬਰਾਬਰ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨ ਵੱਲੋਂ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਕਹਿ ਕੇ ਵੰਡ ਛਕਣ ਦੀ ਮਰਯਾਦਾ 'ਤੇ ਪੂਰੀ ਸਖਤੀ ਨਾਲ ਪਹਿਰਾ ਦੇਣ ਦੀ ਤਾਕੀਦ ਵੀ ਕੀਤੀ ਗਈ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਿਆਨ ਦਾ ਉਹ ਭੰਡਾਰ ਹਨ ਜੋ ਅੱਜਵੀ ਆਪਣੇ ਵਿਸ਼ੇਸ਼ ਗੁਣਾਂ ਕਰ ਕੇ ਦੁਨੀਆ ਭਰ ਦੇ ਪ੍ਰਾਣੀਆਂ ਦੇ ਤਪਦੇ ਹਿਰਦੇ ਆਪਣੇ ਗਿਆਨ ਨਾਲ ਠਾਰ ਸਕਦੇ ਹਨ। ਸਿਰਫ ਲੋੜ ਹੈ ਇਸ ਗਿਆਨ ਦੇ ਭੰਡਾਰ ਨੂੰ ਆਪਣੀ ਜ਼ਿੰਦਗੀ ਵਿਚ ਧਾਰਨ ਕਰਨ ਦੀ।

ਅੱਜ ਸਿੱਖ ਦੁਨੀਆ ਦੇ ਹਰ ਕੋਨੇ ਵਿਚ ਪਹੁੰਚ ਚੁੱਕੇ ਹਨ। ਜਿੱਥੇ-ਜਿੱਥੇ ਵੀ ਸਿੱਖ ਗਏ ਉੱਥੇ ਉਨ੍ਹਾਂ ਨੇ ਗੁਰੂ-ਘਰ ਸਥਾਪਿਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੈ। ਬਹੁਤ ਸਾਰੇ ਵਿਦੇਸ਼ੀ ਲੋਕ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣਨ ਵਿੱਚ ਮਾਣ ਮਹਿਸੂਸ ਕਰ ਰਹੇ ਹਨ। ਪਰੰਤੂ ਪਿਛਲੇ ਦਿਨਾਂ ਵਿਚ ਵਾਪਰੀਆਂ ਕੁਝ ਘਟਨਾਵਾਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਕੁਝ ਸ਼ਰਾਰਤੀ ਲੋਕ ਅਜਿਹੇ ਵੀ ਹਨ ਜੋ ਦੁਨੀਆ ਵਿਚ ਸ਼ਾਂਤੀ ਨਹੀਂ ਚਾਹੁੰਦੇ ਅਤੇ ਨਿੱਜੀ ਸੁਆਰਥ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਰਗਾ ਅਤਿ ਸ਼ਰਮਨਾਕ ਕਾਰਾ ਕਰ ਰਹੇ ਹਨ।

ਕਈ ਅਖੌਤੀ ਦੇਹਧਾਰੀ ਗੁਰੂ ਆਪਣੇ-ਆਪ ਨੂੰ ਸਰਬਉੱਚ ਹੋਣ ਦੀ ਗਲਤ-ਫਹਿਮੀ ਪਾਲੀ ਬੈਠੇ ਹਨ। ਮਾਇਆ ਨੂੰ ਹੀ ਸਭ ਕੁਝ ਸਮਝਣ ਵਾਲੇ ਕੁਝ ਸ਼ਰਾਰਤੀ ਲੋਕਾਂ ਨੇ ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਹੱਥ-ਲਿਖਤ ਸਰੂਪ ਨੂੰ ਹੀ ਕਰੋੜਾਂ ਰੁਪਈਆਂ ਵਿਚ ਵਿਦੇਸ਼ੀਆਂ ਨੂੰ ਵੇਚਣ ਵਰਗਾ ਅਤਿ ਸ਼ਰਮਨਾਕ ਕਾਰਾ ਕੀਤਾ। ਕਈ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅੱਗ ਲਗਾਈ ਜਾ ਰਹੀ ਹੈ। ਇਨ੍ਹਾਂ ਸ਼ਰਾਰਤੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈਕਿ ਉਹ ਇਸ ਤਰ੍ਹਾਂ ਦੀਆਂ ਕਰਤੂਤਾਂ ਕਰ ਕੇ ਆਪਣੇ ਪੈਰ 'ਤੇ ਆਪ ਹੀ ਕੁਹਾੜਾ ਮਾਰ ਰਹੇ ਹਨ। ਹਰਿਆਣਾ ਪ੍ਰਾਂਤ ਵਿਚ ਇਕ ਸਾਧ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ 'ਤੇ ਕੁਝ ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਭੜਕੀਆਂ 'ਤੇ ਉਨ੍ਹਾਂ ਨੇ ਉਸ ਸਾਧ ਨੂੰ ਜਾਨੋਂ ਮਾਰ ਦਿੱਤਾ। ਇਸ ਘਟਨਾ ਦੀ ਸਿਆਹੀ ਹਾਲੇ ਅਖਬਾਰਾਂ ਵਿੱਚੋਂ ਸੁੱਕੀ ਵੀ ਨਹੀਂ ਸੀ ਕਿ ਪੰਜਾਬ ਦੇ ਨਗਰ ਸਾਹਨੇਵਾਲ ਵਿਖੇ ਕੁਝ ਸ਼ਰਾਰਤੀ ਪ੍ਰਵਾਸੀ ਮਜ਼ਦੂਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਨੇ ਜਿੱਥੇ ਸਿੱਖਾਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਉੱਥੇ ਹਰ ਪਾਸੇ ਤੋਂ ਗੈਰ ਸਿੱਖਾਂ ਨੇ ਵੀ ਘੋਰ ਨਿੰਦਾ ਕੀਤੀ। ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਇਕ ਸਿੱਖ ਨੌਜਵਾਨ ਨੇ ਥਾਣੇ ਵਿਚ ਹੀ ਉਸ ਪ੍ਰਵਾਸੀ ਮਜ਼ਦੂਰ ਦੇ ਗੋਲੀਆਂ ਜਾ ਮਾਰੀਆਂ। ਇੱਥੇ ਸਾਨੂੰ ਲੋੜ ਹੈ ਇਨ੍ਹਾਂ ਘਟਨਾਵਾਂ ਦੀ ਪੜਤਾਲ ਕਰ ਕੇ ਇਸ ਦਾ ਹੱਲ ਲੱਭਣ ਦੀ। ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਖੋਜ ਕਰ ਕੇ ਜਾਣਨ ਦੀ ਕਿ ਕਿਤੇ ਇਹ ਦੁਨੀਆ ਦੇ ਲੋਕਾਂ ਨੂੰ ਇਕ ਲੜੀ ਵਿਚ ਪਰੋਣ ਦੇ ਗਿਆਨ ਤੋਂ ਦੂਰ ਕਰਨ ਦੀ ਕੋਈ ਸਾਜ਼ਿਸ਼ ਤਾਂ ਨਹੀਂ? ਜਾਂ ਕੋਈ ਫੇਰ ਸ਼ਾਂਤੀ ਨਾਲ ਹੱਸਦੇ ਵੱਸਦੇ ਲੋਕਾਂ ਨੂੰ ਫਸਾਦਾਂ ਦੀ ਭੱਠੀ ਵਿਚ ਝੋਕਣ ਦੀ ਤਿਆਰੀ ਤਾਂ ਨਹੀਂ ਕਰ ਰਿਹਾ।

ਇਨ੍ਹਾਂ ਘਟਨਾਵਾਂ ਤੋਂ ਇਲਾਵਾ ਜਾਣੇ-ਅਣਜਾਣੇ ਵਿਚ ਵੀ ਕਈ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਨ ਭੇਟ ਹੋਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਬਹੁਤ ਸਾਰੇ ਪਰਵਾਰ ਜਿਨ੍ਹਾਂ ਪਾਸ ਪੁਰਤਾਨ ਹੱਥ-ਲਿਖਤ ਸਰੂਪ, ਇਤਿਹਾਸ ਦੀਆਂ ਪੁਰਾਤਨ ਪੁਸਤਕਾਂ ਅਤੇ ਵਿਰਾਸਤੀ ਨਿਸ਼ਾਨੀਆਂ ਹਨ, ਉਹ ਅਖੌਤੀ ਬਾਬਿਆਂ ਦੀਆਂ ਗੱਲਾਂ ਵਿਚ ਆ ਕੇ ਸਸਕਾਰ ਕਰਨ ਦੀ ਹੋੜ ਵਿਚ ਸਾਡਾ ਅਣਮੁੱਲਾ ਵਿਰਾਸਤੀ ਖਜ਼ਾਨਾ ਨਸ਼ਟ ਕਰੀ ਜਾ ਰਹੇ ਹਨ।

ਅੱਜ ਸਾਨੂੰ ਆਪਣੇ ਫਰਜ਼ਾਂ ਪ੍ਰਤੀ ਜਾਗਰੂਕ ਹੋਣਾ ਪਵੇਗਾ। ਸਾਨੂੰ ਆਪਣੇ ਬੱਚਿਆਂ ਨੂੰ ਵੀ ਬਚਪਨ ਤੋਂ ਹੀ ਆਪਣੇ ਸੱਭਿਆਚਾਰਕ ਨਾਲ ਜੋੜ ਕੇ ਇਸ ਗਿਆਨ ਦੇ ਭੰਡਾਰ ਤੋਂ ਜਾਣੂ ਕਰਵਾਉਣਾ ਪਵੇਗਾ। ਇਸ ਨਾਲ ਉਹ ਵਿਸ਼ਵ ਪਿੰਡ ਦੇ ਸਭ ਤੋਂ ਚੰਗੇ ਨਾਗਰਿਕ ਸਿੱਧ ਹੋ ਸਕਣਗੇ ਅਤੇ ਦੂਜਿਆਂ ਲਈ ਚਾਨਣ-ਮੁਨਾਰਾ ਵੀ ਬਣਨਗੇ ਇਸ ਕਾਰਜ ਲਈ ਸਾਨੂੰ ਆਪਣੇ ਹੱਥ-ਲਿਖਤ ਸਰਮਾਏ ਨੂੰ ਸਾਂਭਣਾ ਪਏਗਾ। ਜੇਕਰ ਕੋਈ ਅਜਿਹੇ ਸਰਮਾਏ ਦੀ ਸਾਂਭ-ਸੰਭਾਲ ਕਰਨ ਤੋਂ ਅਸਮੱਰਥ ਹੋਵੇ ਤਾਂ ਉਹ ਸਿੱਖ ਰੈਫਰੈਂਸ ਲਾਇਬ੍ਰੇਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨਾਲ ਸੰਪਰਕ ਕਰ ਸਕਦਾ ਹੈ ਜਿੱਥੇ ਇਨ੍ਹਾਂ ਦੀ ਆਧੁਨਿਕ ਮਸ਼ੀਨਾਂ ਨਾਲ ਸਾਂਭ-ਸੰਭਾਲ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਵਿਚ ਅਸੀਂ ਜਾਣੇ-ਅਣਜਾਏ ਵਿਚ ਮੰਜੀ ਸਾਹਿਬ ਨਾਲ ਰੰਗ-ਬਿਰੰਗੀਆਂ ਲਾਈਟਾਂ ਲਗਾ ਕੇ ਸਜਾਵਟ ਕਰ ਲੈਂਦੇ ਹਾਂ। ਪੱਖੇ ਆਦਿ ਵੀ ਪਾਲਕੀ ਸਾਹਿਬ ਨਾਲ ਹੀ ਲਗਾ ਲੈਂਦੇ ਹਾਂ। ਇਨ੍ਹਾਂ ਦੀ ਕੁਆਲਟੀ ਚੰਗੀ ਨਾ ਹੋਣ ਕਰਕੇ ਇਹ ਕਿਸੇ ਵੀ ਸਮੇਂ ਸਪਾਰਕ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਆਦਿ 'ਤੇ ਅੱਗ ਦੀਆਂ ਚੰਗਿਆੜੀਆਂ ਸੁੱਟ ਦਿੰਦੇ ਹਨ। ਜਿਸ ਨਾਲ ਵੱਡੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਦੇਖਣ ਵਿਚ ਇਹ ਵੀ ਆਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਆਸਣ ਵਾਲੇ ਸਥਾਨ 'ਤੇ ਕਈ ਵਾਰ ਏ.ਸੀ. ਲਗਾਏ ਹੁੰਦੇ ਹਨ। ਜਿੱਥੇ ਏ.ਸੀ. ਨੂੰ ਲੱਗੀ ਪਾਵਰ ਸਪਲਾਈ ਵਾਲੀ ਤਾਰ ਬਹੁਤ ਘਟੀਆ ਕੁਆਲਿਟੀ ਦੀ ਹੋਣ ਕਰਕੇ ਉਹ ਵੀ ਘਟਨਾ ਦਾ ਕਾਰਨ ਬਣਦੀ ਹੈ।

ਸਾਨੂੰ ਅੱਜ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਕਰਨ ਲਈ ਸੁਚੇਤ ਹੋਣ ਦੀ। ਗਿਆਨ ਦੇ ਭੰਡਾਰ ਨੂੰ ਹਰ ਇਕ ਮਨੁੱਖ ਤੱਕ ਪਹੁੰਚਾਉਣ ਦੀ ਤਾਂ ਕਿ ਉਹ ਵਿਸ਼ਵ-ਪਿੰਡ ਦਾ ਚੰਗਾ ਨਾਗਰਿਕ ਸਿੱਧ ਹੋ ਸਕੇ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ।**

# ਬਾਣੀ ਵਿਚ ਅੰਧ-ਵਿਸ਼ਵਾਸਾਂ ਦਾ ਖੰਡਨ


ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240




ਜਦ ਵੀ ਸੰਸਾਰ ਵਿਚ ਧਰਮ ਵਿਰੁੱਧ ਆਵਾਜ਼ ਉਠਾਈ ਗਈ ਜਾਂ ਅੰਧ-ਵਿਸ਼ਵਾਸਾਂ ਦੀ ਬਹੁਲਤਾ ਹੋਈ ਹੈ ਤਾਂ ਕੋਈ ਨ ਕੋਈ ਦੈਵਿਤ ਸ਼ਕਤੀ ਮਨੁੱਖ ਜਾਤੀ ਨੂੰ ਇਕ ਨਵਾਂ ਸੰਦੇਸ਼ ਦੇਣ ਲਈ ਹਰ ਸਮੇਂ ਪ੍ਰਗਟ ਹੋਈ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਵੀ ਉਸ ਸਮੇਂ ਹੋਇਆ ਜਦੋਂ ਲੱਖਾਂ ਲੋਕਾਂ ਦੇ ਮਨ ਵਿਚ ਅੰਧ-ਵਿਸ਼ਵਾਸਾਂ ਨੇ ਘੇਰਾ ਪਾ ਲਿਆ ਹੋਇਆ ਸੀ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਲੋਕਾਂ ਦੇ ਮਨ ਵਿਚ ਘਰ ਕੀਤੇ ਹੋਏ ਅੰਧ-ਵਿਸ਼ਵਾਸਾਂ ਨੂੰ ਦੂਰ ਕਰਦੇ ਹੋਏ ਤੇ ਸਹੀ ਰਾਹ ਦਿਖਾਉਂਦੇ ਹੋਏ, ਸਮਾਜ ਨੂੰ ਇਕ ਨਵੀਂ ਸੋਚ ਤੇ ਦ੍ਰਿਸ਼ਟੀ ਪ੍ਰਧਾਨ ਕੀਤੀ।

ਸਭ ਤੋਂ ਪਹਿਲਾਂ ਗੁਰੂ ਜੀ ਨੇ ਜਨੇਊ ਪਹਿਨਣ ਦਾ ਖੰਡਨ ਕੀਤਾ। ਜਦੋਂ ਉਹ ਦਸ ਕੁ ਸਾਲਾਂ ਦੇ ਹੋਏ ਤਾਂ ਉਹਨਾਂ ਨੂੰ ਮਰਿਆਦਾ ਅਨੁਸਾਰ ਜਨੇਊ ਪਹਿਨਾਉਣ ਦੇ ਲਈ ਪੰਡਿਤ ਹਰਿਦਿਆਲ ਨੂੰ ਬੁਲਾਇਆ ਗਿਆ ਤਾਂ ਗੁਰੂ ਜੀ ਨੇ ਪੰਡਿਤ ਦਾ ਹੱਥ ਫੜਦੇ ਹੋਏ ਕਿਹਾ ਕਿ, "ਇਹ ਜਨੇਊ ਤਾਂ ਕੱਚੇ ਧਾਗੇ ਦਾ ਹੈ, ਜੋ ਟੁੱਟ ਵੀ ਸਕਦਾ ਹੈ, ਜਲ ਵੀ ਸਕਦਾ ਹੈ ਤੇ ਮੈਲਾ ਵੀ ਹੋ ਸਕਦਾ ਹੈ। ਇਸ ਲਈ ਕ੍ਰਿਪਾ ਕਰਕੇ ਕੋਈ ਐਸਾ ਜਨੇਊ ਮੈਨੂੰ ਪਹਿਨਣ ਲਈ ਦਿਉ ਜਿਹੜਾ ਨਾ ਕਦੇ ਜਲੇ, ਨਾ ਟੁੱਟੇ ਤੇ ਨਾ ਹੀ ਮੈਲਾ ਹੋਵੇ, ਉਸਦੀ ਸ਼ੁਧੀ ਸਦਾ ਲਈ ਬਰਕਰਾਰ ਰਵੇ। ਭਾਵ ਜਨੇਊ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਸਦਾ ਸੰਬੰਧ ਆਤਮਾ ਨਾਲ ਹੋਵੇ, ਜੋ ਸੱਚਾਈ ਅਤੇ ਭਗਤੀ ਦੇ ਰਾਹ ਤੇ ਚੱਲਣ ਲਈ ਹਰ ਸਮੇਂ ਉਜਾਗਰ ਕਰਦਾ ਰਹੇ। ਗੁਰੂ ਜੀ ਨੇ ਮੂਰਤੀ-ਪੂਜਾ ਤੇ ਪੁਜਾਰੀਆਂ ਦੇ ਤਿਲਕ ਲਗਾਉਣ ਦਾ ਵੀ ਖੰਡਨ ਕੀਤਾ।

ਸ਼ਰਾਧ ਦੀ ਪ੍ਰਥਾ ਦਾ ਵੀ ਗੁਰੂ ਜੀ ਨੇ ਆਪਣੇ ਸ਼ਬਦਾਂ ਵਿਚ ਖੰਡਨ ਕੀਤਾ ਹੈ, ਕਿਉਂਕਿ ਪੰਡਤਾਂ ਦਾ ਇਹ ਵਿਚਾਰ ਸੀ ਕਿ ਸ਼ਰਾਧਾਂ ਵਿਚ ਦਿੱਤਾ ਗਿਆ ਦਾਨ ਮਰੇ ਹੋਏ ਵਿਅਕਤੀ ਨੂੰ ਲੱਗਦਾ ਹੈ, ਪਰ ਇਹ ਇਕ ਅੰਧ-ਵਿਸ਼ਵਾਸ ਹੈ। ਭਲਾ ਮਰੇ ਹੋਏ ਦੇ ਨਾਮ ਦਿੱਤਾ ਗਿਆ ਦਾਨ ਉਸ ਤੱਕ ਕਿਵੇਂ ਪੁੱਜ ਸਕਦਾ ਹੈ? ਗੁਰੂ ਜੀ ਨੇ ਆਪਣੇ ਸ਼ਬਦਾਂ ਵਿਚ ਇਸ ਦਾ ਖੰਡਨ ਕਰਦੇ ਹੋਏ ਕਿਹਾ ਕਿ ਅੱਗੇ ਤਾਂ ਕੇਵਲ ਉਹ ਚੀਜ਼ ਹੀ ਜਾਏਗੀ, ਜਿਸਨੂੰ ਖੁਦ ਆਪਣੇ ਹੱਥਾਂ ਨਾਲ ਦਾਨ ਕੀਤਾ ਗਿਆ ਹੋਵੇ ਤੇ ਉਸ ਵਿਚ ਆਪਣੀ ਮਿਹਨਤ ਨਾਲ ਕੀਤੀ ਗਈ ਕਮਾਈ ਹੋਣੀ ਬਹੁਤ ਜ਼ਰੂਰੀ ਹੈ।

ਇਕ ਵਾਰ ਗੁਰੂ ਜੀ ਜਦ (ਹਰਿਦੁਆਰ), ਜਗਨਨਾਥਪੁਰੀ ਪਹੁੰਚੇ ਤਾਂ ਉਥੋਂ ਦੇ ਮੰਦਰਾਂ ਵਿਚ ਆਰਤੀ ਹੁੰਦੀ ਦੇਖ ਕੇ ਉਹ ਬਾਹਰ ਖੜ੍ਹੇ ਹੋ ਕੇ ਆਕਾਸ਼ ਵੱਲ ਨੂੰ ਇਕ-ਟੱਕ ਵੇਖਦੇ ਰਹੇ ਤੇ ਤਾਰਿਆਂ ਨਾਲ ਗੱਲ ਕਰਦੇ ਰਹੇ। ਕਦੇ ਉਹ ਜਗਤ ਦੇ ਨਾਥ ਦੇ ਧਿਆਨ ਵਿਚ ਮਸਤ ਹੋ ਜਾਂਦੇ ਤੇ ਕਦੇ ਮੰਦਰ ਵੱਲ ਨੂੰ ਦੇਖਦੇ, ਜਿਥੇ ਸਿਰਫ਼ ਅੰਧ-ਵਿਸ਼ਵਾਸ ਸੀ। ਗੁਰੂ ਜੀ ਨੇ ਆਰਤੀ ਕਰਨ ਲਈ ਪੂਜਾ ਦਾ ਥਾਲ, ਧੂਫ਼, ਦੀਪ ਆਦਿ ਦੀ ਲੋੜ ਨੂੰ ਨਾ ਮੰਨਦੇ ਹੋਏ ਆਤਮਾ ਨੂੰ ਲੋੜੀਂਦਾ ਮੰਨਿਆ।

ਗੁਰੂ ਜੀ ਜਦ ਕਾਬਾ, ਜਿਸਨੂੰ ਮੁਸਲਮਾਨ ਪ੍ਰਭੂ ਦੀ ਪ੍ਰਾਪਤੀ ਦਾ ਸਥਾਨ ਮੰਨਦੇ ਹਨ, ਉਸ ਵੱਲ ਨੂੰ ਪੈਰ ਕਰਕੇ ਸੌਂ ਗਏ ਤਾਂ ਜੀਵਨ ਹਾਜੀ ਨੇ ਗੁਰੂ ਜੀ ਨੂੰ ਬੜੇ ਹੀ ਗੁੱਸੇ ਵਿਚ ਕਿਹਾ, "ਤੂੰ ਇਧਰ ਵੱਲ ਨੂੰ ਪੈਰ ਕਰਕੇ ਕਿਉਂ ਸੁੱਤਾ ਹੈਂ, ਇਧਰ ਤਾਂ ਖੁਦਾ ਦਾ ਘਰ ਹੈ" ਤਾਂ ਗੁਰੂ ਜੀ ਨੇ ਬੜੀ ਹੀ ਨਿਮਰਤਾ ਨਾਲ ਕਿਹਾ, "ਕਿਰਪਾ ਕਰਕੇ ਮੇਰੇ ਪੈਰ ਉਸ ਦਿਸ਼ਾ ਵੱਲ ਨੂੰ ਭੁਆ ਦਿਉ, ਜਿਸ ਪਾਸੇ ਸਰਗੁਣ ਰੱਬ ਹਾਜ਼ਰ ਨਹੀਂ ਹੈ। ਭਾਵ ਗੁਰੂ ਜੀ ਨੇ ਇਸ ਅੰਧ-ਵਿਸ਼ਵਾਸ ਦਾ ਖੰਡਨ ਕੀਤਾ ਤੇ ਉਸ ਨੂੰ ਦੂਰ ਕਰਦਿਆਂ ਹੋਇਆਂ ਇਹ ਸੰਦੇਸ਼ ਦਿੱਤਾ ਕਿ ਪਰਮਾਤਮਾ ਤਾਂ ਸਰਬਵਿਆਪਕ ਹੈ। ਉਹ ਤਾਂ ਮਨੁੱਖ ਦੇ ਅੰਦਰ ਹੀ ਵੱਸਦਾ ਹੈ, ਉਹ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਹਰ ਥਾਂ ਮੌਜੂਦ ਹੈ।

ਪਰਮਾਤਮਾ ਨੂੰ ਲੱਭਣ ਦੇ ਲਈ ਖਾਸ ਦਿਸ਼ਾਵਾਂ, ਖਾਸ ਲੋਕ, ਖਾਸ ਧਰਮ ਜਾਂ ਜੰਗਲਾਂ ਆਦਿ ਵਿਚ ਜਾਣ ਦੀ ਲੋੜ ਨਹੀਂ, ਉਹ ਤਾਂ ਕਣ-ਕਣ ਦੇ ਵਿਚ ਵੱਸਦਾ ਹੈ। ਜਿਵੇਂ ਸੁਗੰਧੀ ਫੁੱਲਾਂ ਵਿਚ, ਪਰਛਾਵਾਂ ਰੋਸ਼ਨੀ ਵਿਚ।

ਗੁਰੂ ਜੀ ਨੇ ਹਰਿਦੁਆਰ ਵਿਚ ਵੇਖਿਆ ਕਿ ਲੋਕੀਂ ਗੰਗਾ ਵਿਚ ਇਸ਼ਨਾਨ ਕਰਦਿਆਂ ਚੜ੍ਹਦੇ ਸੂਰਜ ਵੱਲ ਮੂੰਹ ਕਰਕੇ ਪਾਣੀ ਦੇ ਰਹੇ ਸਨ। ਗੁਰੂ ਜੀ ਨੇ ਲੋਕਾਂ ਤੋਂ ਇਸ ਬਾਰੇ ਪੁੱਛਿਆ ਤੇ ਉਹਨਾਂ ਦੱਸਿਆ ਕਿ ਉਹ ਆਪਣੇ ਸਵਰਗੀ ਪੂਰਵਜਾਂ ਨੂੰ ਚੜ੍ਹਾਵਾ ਭੇਂਟ ਕਰ ਰਹੇ ਹਨ। ਦੂਜੇ ਪਲ ਹੀ ਗੁਰੂ ਜੀ ਨੇ ਵੀ ਪੱਛਮ ਵੱਲ ਨੂੰ ਮੂੰਹ ਕਰਕੇ ਉਸ ਦਿਸ਼ਾ ਵੱਲ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਲੋਕਾਂ ਦੇ ਪੁੱਛਣ ਤੇ ਗੁਰੂ ਜੀ ਨੇ ਬੜੇ ਠਰ੍ਹੰਮੇ ਨਾਲ ਉਹਨਾਂ ਨੂੰ ਦੱਸਿਆ ਕਿ ਉਹ ਆਪਣੀਆਂ ਪੰਜਾਬ ਵਿਚਲੀਆਂ ਖੇਤੀਆਂ ਨੂੰ ਪਾਣੀ ਦੇ ਰਹੇ ਹਨ। ਲੋਕਾਂ ਨੇ ਫਿਰ ਗੁਰੂ ਜੀ ਨੂੰ ਪੁੱਛਿਆ ਕਿ ਇਹ ਪਾਣੀ ਤਿੰਨ ਸੌ ਮੀਲ ਦੂਰ ਕਿਵੇਂ ਪੁੱਜ ਸਕਦਾ ਹੈ? ਤਾਂ ਗੁਰੂ ਜੀ ਨੇ ਕਿਹਾ, "ਜੇਕਰ ਮੇਰੇ ਦੁਆਰਾ ਦਿੱਤਾ ਗਿਆ ਪਾਣੀ ਮੇਰੇ ਖੇਤਾਂ ਤੱਕ ਨਹੀਂ ਪੁੱਜ ਸਕਦਾ ਜੋ ਕਿ ਬਹੁਤ ਨੇੜੇ ਹੈ ਤਾਂ ਤੁਹਾਡਾ ਦਿੱਤਾ ਪਾਣੀ ਕਿਵੇਂ ਸੂਰਜ ਲੋਕ ਤੱਕ ਪੁੱਜ ਸਕਦਾ ਹੈ, ਜੋ ਕਿ ਕਰੋੜਾਂ ਮੀਲ ਦੂਰੀ 'ਤੇ ਹੈ।" ਇਸ ਘਟਨਾ ਦਾ ਜ਼ਿਕਰ ਗੁਰੂ ਜੀ ਦੀ ਜਨਮਸਾਖੀ ਵਿਚ ਦਰਜ ਹੈ।

ਗੁਰੂ ਜੀ ਨੇ ਇਸ ਧਾਰਨਾ ਦਾ ਵੀ ਵਿਰੋਧ ਕੀਤਾ ਕਿ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਨਾਲ ਹੀ ਮੋਖ ਮਿਲ ਜਾਂਦਾ ਹੈ। ਗੁਰੂ ਜੀ ਚਾਹੁੰਦੇ ਸੀ ਕਿ ਮਨੁੱਖ ਦਾ ਅੰਤਰ ਪਵਿੱਤਰ ਹੋਵੇ। ਮਨ ਵਿਚ ਮੈਲ ਹੀ ਮੈਲ, ਬੇਈਮਾਨੀ, ਝੂਠ, ਕਪਟ, ਚੋਰੀ ਤੇ ਲਾਲਚ ਜੇਕਰ ਭਰਿਆ ਹੋਵੇ ਤਾਂ ਇਸ਼ਨਾਨ ਕਰਨ ਦਾ ਕੀ ਲਾਭ? ਇਸ ਤੋਂ ਇਲਾਵਾ ਗੁਰੂ ਜੀ ਨੇ ਸੂਤਕ, ਸ਼ਰਾਧ, ਸੂਰਜ ਨੂੰ ਪਾਣੀ ਦੇਣਾ, ਇਕੋ ਹੀ ਦਿਸ਼ਾ ਵੱਲ ਨੂੰ ਪੈਰ ਪਸਾਰ ਕੇ ਸੌਣਾ ਆਦਿ ਕਰਮਾਂ ਦਾ ਆਪਣੇ ਜੀਵਨ ਅਤੇ ਰਚਨਾਵਾਂ ਵਿਚ ਵਿਰੋਧ ਕੀਤਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਅਧਿਆਤਮਕ, ਧਾਰਮਿਕ, ਸੰਸਕ੍ਰਿਤੀ ਤੇ ਦਾਰਸ਼ਨਿਕ ਖੇਤਰ ਨੂੰ ਵਧਾਵਾ ਦਿੱਤਾ, ਬਲਕਿ ਸਮਾਜਿਕ ਖੇਤਰ ਵਿਚ ਵੀ ਓਨਾ ਹੀ ਉਪਰਾਲਾ ਕੀਤਾ ਅਤੇ ਸਮਾਜ ਤੇ ਉਸ ਵਿਚ ਰਹਿਣ ਵਾਲੇ ਲੋਕਾਂ ਦੇ ਪੱਧਰ ਨੂੰ ਵੀ ਉੱਚਾ ਚੁੱਕਣ ਲਈ ਬਾਣੀ ਰਾਹੀਂ ਸੰਦੇਸ਼ ਦਿੱਤਾ।

# ਗੁਰੂ ਇਤਿਹਾਸ ਦਾ ਇਕ ਨਾਇਕ ਬਾਬਾ ਮੱਖਣ ਸ਼ਾਹ ਲੁਬਾਣਾ



ਮਹਾਨ ਮਨੁੱਖ ਇਤਿਹਾਸ ਰਚਦੇ ਹਨ। ਰਚਿਆ ਇਤਿਹਾਸ ਪੀੜ੍ਹੀ-ਦਰ-ਪੀੜ੍ਹੀ ਇਕ ਚਾਨਣ ਮੁਨਾਰੇ ਵਜੋਂ ਕੰਮ ਕਰਦਾ ਹੈ ਅਤੇ ਆਉਣ ਵਾਲੀਆਂ ਪੁਸ਼ਤਾਂ ਨੂੰ ਮਾਣ ਬਖ਼ਸ਼ ਕੇ ਉੱਚੀ ਮਾਨਸਿਕਤਾ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਪੈਰੋਕਾਰਾਂ ਨੂੰ ਉਹਨਾਂ ਪੈੜਾਂ ਤੇ ਚੱਲਣ ਲਈ ਉਤਸ਼ਾਹ ਬਖ਼ਸ਼ਦਾ ਹੈ। ਸਮੇਂ ਦੇ ਨਾਲ ਇਹ ਮਾਣ ਵਡਿਆਈ ਇਕ ਸੁਸਾਇਟੀ ਨੂੰ ਜਨਮ ਦਿੰਦੀ ਹੈ ਜਿਸ ਵਿਚ ਵਿੱਦਿਅਕ, ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਪ੍ਰਗਤੀ ਹੁੰਦੀ ਹੈ। ਕਿਸੇ ਮਹਾਨ ਮਨੁੱਖ ਨੂੰ ਯਾਦ ਕਰਨਾ ਵੀ ਇਕ ਮਹਾਨਤਾ ਵਾਲੀ ਗੱਲ ਹੈ ਪਰ ਉਸ ਤੋਂ ਵੀ ਵੱਡੀ ਮਹਾਨਤਾ ਹੈ ਉਹਨਾਂ ਦੇ ਦਰਸਾਏ ਨਕਸ਼ੇ ਕਦਮਾਂ ਤੇ ਚੱਲਣਾ ਤੇ ਉਹਨਾਂ ਵੱਲੋਂ ਆਪਣੀਆਂ ਬਖ਼ਸ਼ੀਆਂ ਕਦਰਾਂ-ਕੀਮਤਾਂ ਅਤੇ ਸਿਆਣਪ ਨੂੰ ਅਪਨਾਉਣਾ।

ਕੋਈ ਵੀ ਵਡਿਆਈ ਕਿਸੇ ਵੀ ਮਨੁੱਖ, ਕਿਸੇ ਕੰਮ ਜਾਂ ਕਿਸੇ ਦੇਸ਼ ਨੂੰ ਪਰਮਾਤਮਾ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ। ਗੁਰਬਾਣੀ ਵਿਚ ਲਿਖਿਆ ਹੈ-

**"ਸਾਹਿਬ ਹਥ ਵਡਿਆਈਆ ਜਿਸ ਭਾਵੇ ਤਿਸ ਦੇਹ।"**

ਮਨੁੱਖ ਤਾਂ ਕੌਮ ਤੇ ਵਡਿਆਈ ਲਈ ਚੁਣੇ ਹੋਏ ਦਾਤੇ ਦੀ ਮਿਹਰ ਦੇ ਸਿਰਫ਼ ਤੇ ਸਿਰਫ਼ ਇਕ ਪਾਤਰ ਹਨ।

ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਇਤਿਹਾਸ ਵਿਚ ਗੁਰੂ ਮਿਹਰ ਸਦਕਾ ਗੁਰੂ ਬਖਸ਼ਸ਼ ਦਾ ਮਹਾਨ ਨਾਇਕ ਹੈ। ਗੁਰੂ ਨਾਨਕ ਦੇਵ ਜੀ ਦੇ ਇਸ ਧਰਤੀ ਤੇ ਪ੍ਰਗਟ ਹੋਣ ਤੇ ਉਹਨਾਂ ਦੇ ਉਪਦੇਸ਼ ਨੂੰ ਸੁਨਣ ਸਦਕਾ ਹਰ ਧਰਮ, ਹਰ ਕੌਮ, ਕਈ ਵਰਗਾਂ, ਕਈ ਕਬੀਲਿਆਂ ਦੇ ਲੋਕ ਉਹਨਾਂ ਦੇ ਸਿੱਖ ਬਣੇ ਜਿਨ੍ਹਾਂ ਵਿਚ ਲੁਬਾਣੇ ਜਾਂ ਵਣਜਾਰੇ ਵੀ ਅਹਿਮ ਸਿੱਖ ਸਨ। ਇਸੇ ਤਰ੍ਹਾਂ ਹੀ **"ਨਾਨਕ ਨਾਮ ਲੇਵਾ"** ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਵੱਡੇ ਵਡੇਰੇ ਵੀ ਸਨ ਅਤੇ ਇਸੇ ਕਰਕੇ ਛੇਵੇਂ ਨਾਨਕ ਗੁਰੂ ਹਰਗੋਬਿੰਦ ਜੀ ਦੀ ਸ੍ਰੀਨਗਰ ਯਾਤਰਾ ਸਮੇਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੂੰ ਛੋਟੀ ਅਵਸਥਾ ਵਿਚ ਹੀ ਉਹਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਜਿਉਂ-ਜਿਉਂ ਸਮੇਂ ਦੇ ਨਾਲ-ਨਾਲ ਬਾਬਾ ਮੱਖਣ ਸ਼ਾਹ ਜੀ ਆਪਣੇ ਪਿਤਾ ਪੁਰਖੀ ਕਿੱਤੇ ਵਪਾਰੀ ਵਜੋਂ ਮਾਇਕ ਤੌਰ ਤੇ ਤਰੱਕੀ ਕਰਕੇ ਆਪਣੇ ਕਬੀਲੇ ਦੇ ਨਾਇਕ ਦਾ ਕੰਮ ਸੰਭਾਲਿਆ, ਉਸੇ ਤਰ੍ਹਾਂ ਹੀ ਗੁਰੂ ਨਾਨਕ ਦੇ ਘਰ ਪ੍ਰਤੀ ਸ਼ਰਧਾ ਵੀ ਵਧਦੀ ਗਈ। ਇਸ ਨਾਨਕ ਨਾਮ ਲੇਵਾ ਬਾਬਾ ਮੱਖਣ ਸ਼ਾਹ ਜੀ ਦਾ ਗੁਰੂ ਪ੍ਰਤੀ ਵਿਸ਼ਵਾਸ ਅਤੇ ਸ਼ਰਧਾ ਦੇ ਇਮਤਿਹਾਨ ਦਾ ਸਮਾਂ ਆ ਗਿਆ। ਭਾਈ ਗੁਰਦਾਸ ਜੀ ਦੀ ਲਿਖਿਤ ਹੈ -




**ਇੰਜੀ. ਹਰਭਜਨ ਸਿੰਘ**
**ਸਾਬਕਾ ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਊਂਡੇਸ਼ਨ ਚੰਡੀਗੜ੍ਹ**


**"ਸਤਿਗੁਰੂ ਸਾਂਗ ਵਰਤਦਾ ਸਿਖ ਸਿਦਕ ਨਾ ਹਾਰੇ"**

ਬਾਬਾ ਮੱਖਣ ਸ਼ਾਹ ਜੀ ਦਾ ਵਪਾਰਿਕ ਸਮਾਨ ਨਾਲ ਲੱਦਿਆ ਜਹਾਜ਼ ਬਰੇਤੇ ਵਿਚ ਬੁਰੀ ਤਰ੍ਹਾਂ ਫਸ ਗਿਆ। ਸਾਰੀ ਚਾਰਾਜੋਈ ਫੇਲ੍ਹ ਹੋ ਗਈ। ਇਕ ਵਪਾਰੀ ਲਈ ਆਰਥਿਕ ਘਾਟਾ ਉਸ ਦੇ ਜੀਵਨ ਤੇ ਬਣਦੀ ਸਭ ਤੋਂ ਵੱਡੀ ਭੀੜ ਹੁੰਦੀ ਹੈ। ਜਦੋਂ ਕੋਈ ਚਾਰਾ ਨਾ ਚੱਲਿਆ ਤਾਂ ਗੁਰੂ ਨਾਨਕ ਦੇ ਘਰ ਅੱਗੇ ਇਕ ਮਨ ਇਕ ਚਿੱਤ ਹੋ ਕੇ ਸਹਾਇਤਾ ਲਈ ਅਰਦਾਸ ਕੀਤੀ, ਸੁੱਖਣਾ ਸੁੱਖੀ ਕਿ "ਹੇ ਸੱਚੇ ਪਾਤਸ਼ਾਹ ਕ੍ਰਿਪਾ ਕਰੋ ਬੇੜੇ ਨੂੰ ਪਾਰ ਲਾਓ, ਪੰਜ ਸੌ ਮੋਹਰਾਂ ਗੁਰੂ ਚਰਨਾਂ ਵਿਚ ਭੇਂਟਾ ਕਰਾਂਗਾ।"

ਗੁਰਬਾਣੀ ਦੇ ਹੁਕਮ ਅਨੁਸਾਰ -

**"ਜਾ ਕੋ ਮੁਸ਼ਕਲ ਅਤਿ ਬਣੇ ਢੋਈ ਕੋਇ ਨਾ ਦੇਹ।**
**ਲਾਗੂ ਹੋਏ ਦੁਸ਼ਮਨਾਂ ਸਾਕ ਵੀ ਭੱਜ ਖਲੇ।**
**ਸਭੇ ਭਜੇ ਆਸਰਾ ਚੁਕੈ ਸਭੁ ਅਸਰਾਉ।**
**ਚਿਤ ਆਵੇ ਉਸ ਪਾਰਬ੍ਰਹਮ।**
**ਲਗੈ ਨਾ ਤੱਤੀ ਵਾਉ।"**

(ਬਿਰਥਾ ਨਾ ਜਾਏ ਜਨ ਕੀ ਅਰਦਾਸ)

ਦੇ ਮਹਾਂਵਾਕ ਅਨੁਸਾਰ ਦਾਤੇ ਦੀ ਮਿਹਰ ਹੋਈ ਬੇੜਾ ਪਾਰ ਹੋ ਗਿਆ। ਕੋਈ ਵੀ ਆਰਥਿਕ ਹਾਨੀ ਨਾ ਹੋਈ। ਤੁਰ ਪਿਆ ਗੁਰੂ ਘਰ ਦੀ ਭੇਂਟਾ ਹਾਜ਼ਰ ਕਰਨ ਲਈ। ਦਿੱਲੀ ਪਹੁੰਚਣ ਤੇ ਪਤਾ ਚੱਲਿਆ ਕਿ ਅੱਠਵੇਂ ਨਾਨਕ ਬਾਲਾ ਪ੍ਰੀਤਮ ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਦੋ ਮਹੀਨੇ ਪਹਿਲਾਂ ਹੀ ਜੋਤੀ-ਜੋਤ ਸਮਾ ਗਏ ਅਤੇ ਮੁਖਾਰ-ਬਿੰਦ ਤੋਂ **'ਬਾਬਾ ਬਕਾਲੇ'** ਉਚਾਰ ਗਏ ਹਨ। ਆਪਣੇ ਕਬੀਲੇ ਸਹਿਤ ਬਾਬਾ ਮੱਖਣ ਸ਼ਾਹ ਲੁਬਾਣਾ ਦਿੱਲੀ ਤੋਂ ਚੱਲ ਕੇ ਬਾਬੇ ਬਕਾਲੇ ਪਹੁੰਚ ਗਏ।



**“ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਅਰਾਮ ਨਹੀਂ ਬਹਿੰਦੇ।”**

ਹੈਰਾਨ ਹੋਵੋਗੇ 22 ਗੁਰੂਆਂ ਨੂੰ ਦੇਖ ਕੇ ਜੋ ਅਲੱਗ-ਅਲੱਗ ਜਗ੍ਹਾ ਤੇ ਗੁਰੂ ਮੰਜੀਆਂ ਲਾ ਕੇ ਬੈਠੇ ਸਨ। ਵਪਾਰੀ ਦਿਮਾਗ਼ ਦੀ ਵਰਤੋਂ ਕੀਤੀ ਤਾਂ ਜੋ ਅਨਿਸ਼ਚਿਤਾ ਦੂਰ ਹੋ ਸਕੇ। ਪੰਜ ਸੌ ਮੋਹਰਾਂ ਭੇਂਟਾ ਕਰਨ ਦੀ ਬਜਾਏ ਦੋ-ਦੋ ਮੋਹਰਾਂ ਭੇਂਟ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਿਸੇ ਵੀ ਮੰਜੀ ਤੇ ਸੱਜੇ ਗੁਰੂ ਬਣ ਬੈਠੇ ਸੋਢੀ ਨੇ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਗ਼ਲਤ ਜੁਆਬ ਨਹੀਂ ਬੁੱਝਿਆ, ਨਤੀਜੇ ਵਜੋਂ ਬਾਬਾ ਮੱਖਣ ਸ਼ਾਹ ਜੀ ਦੇ ਮਨ ਨੂੰ ਵੀ ਸ਼ਾਂਤੀ ਨਾ ਮਿਲੀ। ਚਿੱਤ ਪ੍ਰਸੰਨ ਨਾ ਹੋਇਆ। ਅਸ਼ਾਂਤ ਚਿੱਤ ਬਾਬੇ ਮੱਖਣ ਸ਼ਾਹ ਜੀ ਨੂੰ ਹੋਰ ਪੁੱਛ ਪੜਤਾਲ ਕਰਨ ਤੇ ਕਿਸੇ ਨੇ “**ਬਾਬਾ ਤੇਗਾ**” ਦੱਸ ਕੇ ਗੁਰੂ ਤੇਗ਼ ਬਹਾਦਰ ਜੀ ਬਾਰੇ ਦੱਸਿਆ। ਪਹੁੰਚ ਗਏ ਦੱਸੇ ਸਥਾਨ ਤੇ ਦਰਸ਼ਨ ਕਰਨ ਲਈ। ਮਿਲਣ ਦੀ ਮੁਸ਼ਕਿਲ ਗੁਰੂ ਮਾਤਾ ਨਾਨਕੀ ਰਾਹੀਂ ਹੱਲ ਕਰ ਕੇ ਭੋਰੇ ਵਿਚ ਸਮਾਧੀ ਲਾਈ ਬੈਠੇ ਗੁਰੂ ਤੇਗ਼ ਬਹਾਦਰ ਜੀ ਦੇ ਸਾਹਮਣੇ ਦੋ ਮੋਹਰਾਂ ਰੱਖੀਆਂ ਅਤੇ ਮੱਥਾ ਟੇਕਿਆ। ਜਾਣੀ-ਜਾਨ ਸਤਿਗੁਰਾਂ ਅੱਖਾਂ ਖੋਲ੍ਹੀਆਂ ਅਤੇ ਬੋਲੇ, “**ਵਪਾਰੀ ਏਂ ਦਿਆਨਤ ਵਿਚ ਖਿਆਨਤ ਕਰ ਰਿਹਾ ਏਂ**” ਝੱਟ ਸਿਰ ਚੁੱਕਿਆ, ਗੁਰੂ ਜੀ ਵੱਲ ਦਿਲ ਵਾਲੇ ਯੋਧੇ ਨੇ ਦੇਖਿਆ ਨਜ਼ਰ ਮਿਲੀ ਰੂਹ ਦੇ ਕਪਾਟ ਖੁੱਲ੍ਹ ਗਏ। ਨਾਮ ਵੱਖਰੇ ਵਪਾਰੀ ਧੰਨ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਤੇ ਢਹਿ ਪਿਆ। ਅੱਖਾਂ ਵਿਚੋਂ ਹੰਝੂ ਵਹਿ ਤੁਰੇ।

**‘ਗੁਰ ਪੂਰੈ ਕ੍ਰਿਪਾ ਧਾਰੀ ਪ੍ਰਭ ਪੂਰੀ ਲੋਚ ਹਮਾਰੀ...’**

* * *

**‘ਅਨੰਦ ਪਿਆ ਮੇਰੀ ਮਾਏ ਸਤਿਗੁਰ ਮੈ ਪਾਇਆ...।’**

ਮਨ ਨਿਹਾਲ ਹੋ ਗਿਆ, ਖੁਸ਼ੀ ਦਾ ਟਿਕਾਣਾ ਨਾ ਰਿਹਾ। ਪੰਜ ਸੌ ਮੋਹਰਾਂ ਭੇਂਟ ਕੀਤੀਆਂ। ਗੁਰੂ ਜੀ ਨੇ ਵਰਜ ਰੱਖਿਆ ਸੀ ਕਿ ਜੋ ਵੀ ਉਹਨਾਂ ਬਾਰੇ ਲੋਕਾਈ ਨੂੰ ਦੱਸੇਗਾ, ਉਸ ਦਾ ਮੂੰਹ ਦਰਗਾਹ ਵਿਚ ਕਾਲਾ ਹੋਵੇਗਾ।

ਬਾਬਾ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਹੱਥਾਂ ਨਾਲ ਆਪਣਾ ਮੂੰਹ ਕਾਲਾ ਕੀਤਾ, ਕੋਠੇ ਚੜ੍ਹ ਕੇ ਹੋਕਾ ਦਿੱਤਾ, **‘ਗੁਰੂ ਲਾਧੋ ਰੇ ! ਗੁਰੂ ਲਾਧੋ ਰੇ !’** ਭੁਲੇਖਿਆਂ ਦੀ ਕਾਲੀ ਰਾਤ ਵਿਚ ਡੁੱਬੀ ਸੰਗਤ ਵਹੀਰਾਂ ਘੱਤ ਕੇ ਗੁਰੂ ਦਰਸ਼ਨਾਂ ਲਈ ਪਹੁੰਚਣੀ ਸ਼ੁਰੂ ਹੋ ਗਈ। ਇਤਿਹਾਸ ਦਾ ਇਕ ਹਿੱਸਾ ਰਚਿਆ ਗਿਆ।

ਮੱਖਣ ਸ਼ਾਹ ਲੁਬਾਣਾ ਜਿੱਥੇ ਨਾਨਕ ਨਾਮ ਲੇਵਾ ਸੀ ਉਸ ਉਪਰੰਤ ਉਹ ਇਕ ਜੁਝਾਰੂ ਯੋਧਾ ਸੀ। ਆਪਣੇ ਕਬੀਲੇ ਦਾ ਨਾਇਕ ਅਤੇ ਵੱਡਾ ਸੌਦਾਗਰ ਹੋਣ ਕਰਕੇ ਆਪਣੀ ਹਿਫਾਜ਼ਤ ਲਈ ਪੰਜ ਸੌ ਦੇ ਕਰੀਬ ਘੋੜਸਵਾਰ ਵੀ ਉਸ ਦੇ ਕਬੀਲੇ ਨਾਲ ਹਰ ਵੇਲੇ ਰਹਿੰਦੇ ਸਨ। ਇਸ ਬ੍ਰਿਤਾਂਤ ਲਈ ਇਸੇ ਤਰ੍ਹਾਂ ਦੇ ਹੀ ਸ਼ਕਤੀਵਾਨ ਪੁਰਖ ਦੀ ਲੋੜ ਸੀ ਜੋ ਸੋਢੀਆਂ ਦੀਆਂ ਦੰਭੀ 22 ਮੰਜੀਆਂ ਨੂੰ ਜੋ ਮੌਕਾਪ੍ਰਸਤ ਮਸੰਦਾਂ ਦੀ ਤਾਕਤ ਨਾਲ ਵਿਚਰ ਰਹੀਆਂ ਸਨ, ਦਾ ਸਾਹਮਣਾ ਕਰਕੇ ਉਹਨਾਂ ਨੂੰ ਭਾਜੜਾਂ ਪਾ ਸਕਦਾ ਸੀ। ਇਤਿਹਾਸ ਗਵਾਹ ਹੈ ਕਿ ਜਦੋਂ ਧੀਰ ਮੱਲੀਆਂ ਨੇ ਗੁਰੂ ਲਾਧੋ ਰੇ ਦੇ ਬਿਰਤਾਂਤ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਤੇ ਗੋਲੀ ਚਲਾ ਕੇ ਉਹਨਾਂ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਗੁਰੂ ਘਰ ਵਿਚ ਪਿਆ ਸਾਰਾ ਮਲ-ਅਸਬਾਬ ਲੁੱਟ ਕੇ ਲੈ ਗਏ, ਪਰ ਜਦੋਂ ਮੱਖਣ ਸ਼ਾਹ ਲੁਬਾਣੇ ਨੂੰ ਪਤਾ ਚੱਲਿਆ ਤਾਂ ਨਾਂ ਕੇਵਲ ਉਸ ਨੇ ਧੀਰ ਮੱਲੀਆਂ ਨੂੰ ਸਬਕ ਹੀ ਸਿਖਾਇਆ ਸਗੋਂ ਗੁਰੂ ਸਾਹਿਬ ਦੀਆਂ ਵਸਤਾਂ ਤੋਂ ਇਲਾਵਾ ਧੀਰ ਮੱਲੀਆਂ ਦਾ ਸਾਰਾ ਸਮਾਨ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜੋ ਕਿ ਗੁਰੂ ਅਰਜਨ ਦੇਵ ਜੀ ਦੀ ਤਿਆਰ ਕਰਵਾਈ ਧੀਰ ਮੱਲੀਆਂ ਦੇ ਪਾਸ ਸੀ ਵਾਪਿਸ ਲਿਆ ਕੇ ਸਮੇਤ ਸ਼ੀਹੇਂ ਮਸੰਦ ਦੇ ਗੁਰੂ ਸਾਹਿਬ ਕੋਲ ਪੇਸ਼ ਕੀਤੀਆਂ। ਜੋ ਗੁਰੂ ਤੇਗ਼ ਬਹਾਦਰ ਜੀ ਨੇ ਦਇਆ ਦ੍ਰਿਸ਼ਟੀ ਕਰਦੇ ਹੋਏ ਸਭ ਨੂੰ ਮਾਫ਼ ਕਰਨ ਦਾ ਫੁਰਮਾਨ ਕੀਤਾ ਅਤੇ ਧੀਰ ਮੱਲੀਆਂ ਦਾ ਸਾਰਾ ਸਮਾਨ ਵਾਪਿਸ ਕਰਵਾ ਦਿੱਤਾ। 22 ਮੰਜੀਆਂ ਸਪੱਸ਼ਟ ਸੰਕੇਤ ਸੀ ਕਿ ਅੱਗੇ ਲਈ ਇਸ ਤਰ੍ਹਾਂ ਦੇ ਦੰਭੀਆਂ ਨੂੰ ਖਤਮ ਕਰਨ ਲਈ ਕਿਤਨੀ ਤਾਕਤ ਦੀ ਲੋੜ ਹੋਵੇਗੀ ਅਤੇ ਕਿਤਨੇ ਬਾਬਾ ਮੱਖਣ ਸ਼ਾਹ ਲੁਬਾਣਾ ਜਿਹੇ ਯੋਧਿਆਂ ਦੀ ਲੋੜ ਪੈ ਸਕਦੀ ਹੈ। ਇਸੇ ਲਈ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 7 ਅਕਤੂਬਰ, 1708 ਈ. ਨੂੰ ਜੋਤੀ-ਜੋਤ ਸਮਾਉਣ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂਤਾ ਬਖ਼ਸ਼ ਕੇ ਸਭ ਮੰਜੀਆਂ ਲੱਗਣ ਦੀ ਸਮਾਪਤੀ ਕਰ ਦਿੱਤੀ। 22 ਮੰਜੀਆਂ ਦੀ ਸਮਾਪਤੀ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਸਖ਼ਸ਼ੀਅਤ ਦੇ ਰਚੇ ਇਤਿਹਾਸ ਦਾ ਦੂਸਰਾ ਹਿੱਸਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂਤਾ ਦੀ ਨੀਂਵ ਹੈ।

ਇਸ ਗੁਰੂ ਨਾਨਕ ਨਾਮ ਲੇਵਾ ਸੌਦਾਗਰ ਅਤੇ ਮਹਾਨ ਯੋਧੇ ਦੀ ਯਾਦ ਵਿਚ ਗੁਰੂ ਤੇਗ਼ ਬਹਾਦਰ ਜੀ ਦੇ 300 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਸਾਲ 1975 ਸਮੇਂ ਕੁਝ ਕੁ ਸੇਵਕਾਂ ਨੂੰ ਗੁਰੂ ਕ੍ਰਿਪਾ ਨਾਲ ਸੋਝੀ ਹੋਈ ਅਤੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਜੋ ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਸਨ, ਦੀ ਕ੍ਰਿਪਾ ਸਦਕਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਹੋਂਦ ਵਿਚ ਆਈ ਅਤੇ ਲਗਪਗ 6533 ਗੱਜ ਦਾ ਪਲਾਟ ਇਸ ਫਾਊਂਡੇਸ਼ਨ ਨੂੰ ਮਿਲਿਆ ਜਿੱਥੇ ਇਸ ਵੇਲੇ ਇਕ ਸ਼ਾਨਦਾਰ ਭਵਨ ਸੁਭਾਇਮਾਨ ਹੈ। ਇਸ ਬਿਲਡਿੰਗ ਵਿਚ ਦੋ ਹਾਲ, ਦੋ ਆਡੀਟੋਰਿਅਮ, 22 ਕਮਰੇ, ਓ.ਪੀ.ਡੀ. ਲੈਬੋਰਟਰੀ, ਫਿਜ਼ਿਓਥਰੈਪੀ, ਮੋਬਾਇਲ ਟੈਸਟਿੰਗ ਵੈਨ ਅਤੇ ਦੰਦਾਂ ਦੇ ਚੈੱਕ-ਅੱਪ ਦੀ ਸਰਵਿਸ ਚੱਲ ਰਹੀ ਹੈ। ਇਕ ਗੁਰਦੁਆਰਾ ਸਾਹਿਬ ਵੀ ਹੈ।

ਇਹ ਸੰਸਥਾ ਗੁਰੂ ਇਤਿਹਾਸ ਨਾਲ ਜੁੜੇ ਬਾਬਾ ਮੱਖਣ ਸ਼ਾਹ ਲੁਬਾਣਾ, ਬਾਬਾ ਲੱਖੀ ਸ਼ਾਹ ਵਣਜਾਰਾ, ਸ਼ਹੀਦ ਭਾਈ ਮਨੀ ਸਿੰਘ ਅਤੇ ਹੋਰ ਅਨਿੰਨ ਗੁਰੂ ਸੇਵਕਾਂ ਦੇ ਇਤਿਹਾਸ ਦੀ ਖੋਜ ਅਤੇ ਸੰਤ ਪ੍ਰੇਮ ਸਿੰਘ ਜੀ ਦੇ ਮਿਸ਼ਨ ਧਰਮ ਪ੍ਰਚਾਰ, ਵਿਦਿਆ ਪ੍ਰਸਾਰ ਅਤੇ ਸਮਾਜ ਸੁਧਾਰ ਲਈ ਵਚਨਬੱਧ ਹੈ। ਇਹ ਸਭ ਕੁਝ ਦਾਨੀ ਸੱਜਣਾਂ ਸਦਕਾ ਹੀ ਸੰਭਵ ਹੋ ਸਕਿਆ ਹੈ।

# ਤੜਫਦੇ ਤੇ ਰੋ ਰਹੇ ਹਿਰਦੇ ਨਾਲ ਰੁੱਖਾਂ ਨੂੰ ਲਾਉਣ ਲਈ ਬਰਸਾਤ ਦੀ ਰੁੱਤ ਨੂੰ ਉਡੀਕਦੇ ਰਿਹਾ ਕਰੋ

**ਭਗਤ ਪੂਰਨ ਸਿੰਘ**



ਹਵਾ, ਪਾਣੀ ਤੇ ਧਰਤੀ ਵਾਹਿਗੁਰੂ ਦੀਆਂ ਬਖਸ਼ੀਆਂ ਹੋਈਆਂ ਉਹ ਦਾਤਾਂ ਹਨ ਜਿਨ੍ਹਾਂ ਦੇ ਆਸਰੇ ਦੁਨੀਆਂ ਦੇ ਜੀਵ ਜਿਊਂਦੇ ਹਨ। ਜੇ ਹਵਾ ਜ਼ਹਿਰੀਲੀ ਹੋ ਜਾਵੇ, ਦਰਿਆਵਾਂ, ਨਹਿਰਾਂ ਤੇ ਖੂਹਾਂ ਪਾਣੀ ਜ਼ਹਿਰੀਲਾ ਹੋ ਜਾਵੇ ਜਾਂ ਘਟ ਜਾਵੇ ਜਾਂ ਸਮਾਪਤ ਹੋ ਜਾਵੇ, ਧਰਤੀ ਰੇਤ ਦਾ ਮਾਰੂਥਲ ਹੋ ਜਾਵੇ ਤਾਂ ਸੰਸਾਰ ਦੇ ਜੀਅ ਜਿਊਂਦੇ ਨਹੀਂ ਰਹਿ ਸਕਦੇ। ਦੁਨੀਆਂ ਦੇ ਅਨੇਕਾਂ ਦੇਸ਼ਾਂ ਦੀ ਧਰਤੀ ਇਸ ਲਈ ਰੇਤ ਦਾ ਮਾਰੂਥਲ ਬਣਦੀ ਰਹੀ ਹੈ ਕਿਉਂਕਿ ਉਨ੍ਹਾਂ ਦੇਸ਼ਾਂ ਦੇ ਲੋਕਾਂ ਨੇ ਧਰਤੀ ਤੋਂ ਰੁੱਖਾਂ ਨੂੰ ਕੱਟ-ਕੱਟ ਕੇ ਉਸ ਨੂੰ ਨੰਗਿਆਂ ਕਰ ਛੱਡਿਆ ਸੀ। ਮੋਹਿੰਜਦੜੋ ਤੇ ਹੜੱਪਾ ਦੋ ਪ੍ਰਸਿੱਧ ਸ਼ਹਿਰ ਸਨ ਜਿਹੜੇ ਸ਼ਹਿਰਾਂ ਦੀ ਆਦਰਸ਼ਕ ਵਿਉਂਤਬੰਦੀ ਦੇ ਨਮੂਨੇ ਸਨ। ਉਹ ਰੇਤ ਦੀਆਂ ਹਨੇਰੀਆਂ ਨਾਲ ਦੱਬ ਕੇ ਸਮਾਪਤ ਹੋਏ ਕਿਉਂਕਿ ਦੇਸ਼ ਦੇ ਲੋਕਾਂ ਨੇ ਦੇਸ਼ ਦੀ ਧਰਤੀ ਤੋਂ ਰੁੱਖਾਂ ਦੀ ਕਟਾਈ ਉਸ ਹਿਸਾਬ ਤੋਂ ਬਹੁਤ ਵੱਧ ਕਰ ਦਿੱਤੀ ਸੀ ਜਿਸ ਹਿਸਾਬ ਤੋਂ ਵੱਧ ਉਹ ਹੋਣੀ ਨਹੀਂ ਚਾਹੀਦੀ ਸੀ। ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕਿਆਂ ਦੀ ਧਰਤੀ ਸੌ ਵਿੱਚੋਂ 21 ਹਿੱਸੇ ਦੇ ਹਿਸਾਬ ਨਾਲ ਰੁੱਖਾਂ ਨਾਲ ਕੱਜੀ ਰਹੇ ਤੇ ਪਹਾੜਾਂ ਦੀ ਧਰਤੀ 100 ਵਿੱਚੋਂ 60 ਹਿੱਸੇ ਦੇ ਹਿਸਾਬ ਨਾਲ ਰੁੱਖਾਂ ਨਾਲ ਕੱਜੀ ਰਹੇ। ਮਨੁੱਖ ਅਪਰਾਧ ਕਰਕੇ ਮਨੁੱਖਾਂ ਦੀ ਸਜ਼ਾ ਤੋਂ ਬਚ ਸਕਦਾ ਹੈ ਪਰ ਕੁਦਰਤਦ ਿਸ ਜ਼ਾਤ ੋਂਨ ਹੀਂਬ ਚਸ ਕਦਾ।ਟ ਰੱਕਾਂਤ ੇਰ ੇਲਗ ੱਡੀਆਂ ਬਣਾਉਣ ਵਾਲੇ ਮਸ਼ੀਨੀ ਯੁੱਗ ਦੀ ਉਮਰ ਢਾਈ ਸੌ ਸਾਲਾਂ ਤੋਂ ਘੱਟ ਹੈ। ਜੋ ਵਰਤਮਾਨ ਕਾਲ ਵਿੱਚ ਦੇਸ਼ ਦੇ ਕਿਸੇ ਹਿੱਸੇ ਵਿੱਚ ਮੀਂਹ ਨਾ ਪੈਣ ਦੇ ਕਾਰਨ ਪੈਦਾ ਹੋਣ ਵਾਲੇ ਸੋਕਿਆਂ ਦੇ ਕਾਰਨ ਅੰਨ ਤੇ ਪਾਣੀ ਦਾ ਕਾਲ ਪੈਦਾ ਹੋ ਜਾਵੇ ਤਾਂ ਟਰੱਕ ਤੇ ਰੇਲ ਗੱਡੀਆਂ ਕਿਸੇ ਹੱਦ ਤੱਕ ਪੀੜਤ ਇਲਾਕਿਆਂ ਵਿੱਚ ਅੰਨ ਤੇ ਪਾਣੀ ਪੁਚਾ ਦਿੰਦੇ ਹਨ ਉਹ ਵੀ ਲੋੜ ਤੋਂ ਬਹੁਤ ਘੱਟ ਹੁੰਦਾ ਹੈ। ਟਰੱਕਾਂ ਤੇ ਰੇਲ ਗੱਡੀਆਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਸੋਕਿਆਂ ਦੇ ਕਾਰਨ ਜਿਹੜੇ ਕਾਲ ਪੈਂਦੇ ਹੁੰਦੇ ਸਨ ਉਨ੍ਹਾਂ ਵਿੱਚ ਲੋਕਾਂ ਦੀਆਂ ਹੂੰਝਾ-ਫੇਰ ਮੌਤਾਂ ਹੁੰਦੀਆਂ ਸਨ। ਭਾਰਤ ਵਿੱਚ ਇਕ ਅਜਿਹਾ ਕਾਲ ਪਿਆ ਜਿਸ ਦਾ ਨਾਮ ਖੋਪਰੀ ਕਾਲ ਸੀ। ਖੋਪਰੀ ਕਾਲ ਤੋਂ ਭਾਵ ਇਹ ਸੀ ਕਿ ਇੰਨੇ ਬੰਦੇ ਮਰੇ ਕਿ ਜਗ੍ਹਾ-ਜਗ੍ਹਾ ਮਰਨ ਵਾਲਿਆਂ ਦੀਆਂ ਖੋਪਰੀਆਂ ਖਿਲਰੀਆਂ ਪਈਆਂ ਸਨ। ਇਕ ਕਾਲ ਅਜਿਹਾ ਪਿਆ ਜਿਸ ਵਿੱਚ ਇਕ ਰੋਟੀ ਦੇ ਬਦਲੇ ਬੰਦਾ ਆਪਣਾ ਸਰੀਰ ਵੇਚਣ ਲਈ ਤਿਆਰ ਹੋ ਗਿਆ ਸੀ ਪਰ ਅੰਨ ਦੀ ਇੰਨੀ ਥੁੜ੍ਹ ਪੈਦਾ ਹੋ ਗਈ ਸੀ ਕਿ ਕਿਸੇ ਬੰਦੇ ਪਾਸ ਇਕ ਰੋਟੀ ਦੇ ਕੇ ਵੀ ਦੂਜੇ ਬੰਦੇ ਨੂੰ ਖ਼ਰੀਦਣ ਦੀ ਸਮਰੱਥਾ ਨਹੀਂ ਰਹਿ ਗਈ ਸੀ। ਅੰਨ ਤੇ ਪਾਣੀ ਦੇ ਕਾਲ ਵਿੱਚ ਹੁੰਦੀ ਰਹੀ ਅਜਿਹੀ ਦੁਰਗਤੀ ਨੂੰ ਦੇਖ ਕੇ ਹੀ ਭਾਰਤ ਦੇ ਗਿਆਨੀ ਬੰਦਿਆਂ ਨੇ ਧਰਮ ਗ੍ਰੰਥਾਂ ਵਿੱਚ ਜਿੱਥੇ ਇਹ ਲਿਖਿਆ ਕਿ ਜਵਾਰ ਦੇ ਦਾਣੇ ਜਵਾਹਰਾਤ (ਹੀਰੇ-ਜਵਾਹਰਾਂ) ਤੋਂ ਵਧੇਰੇ ਕੀਮਤੀ ਹਨ ਉਥੇ ਉਨ੍ਹਾਂ ਨੇ ਰੁੱਖਾਂ ਨੂੰ ਲਾਉਣ ਦਾ ਕੰਮ ਸਭ ਤੋਂ ਵੱਧ ਮਹੱਤਤਾ ਵਾਲਾ ਕੰਮ ਗਿਣਿਆ। ਪਿਛਲੇ ਜ਼ਮਾਨਿਆਂ ਵਿੱਚ ਇਸ ਲਈ ਅਨੇਕਾਂ ਦੇਸ਼ਾਂ ਦੀ ਧਰਤੀ ਰੇਤ ਦਾ ਮਾਰੂਥਲ ਹੁੰਦੀ ਰਹੀ ਕਿਉਂਕਿ ਲੋਕਾਂ ਨੂੰ ਰੁੱਖਾਂ ਦੀ ਉੱਪਰ ਲਿਖੀ ਮਹੱਤਤਾ ਦਾ ਪਤਾ ਨਹੀਂ ਸੀ। ਹੁਣ ਜਦ ਰੁੱਖਾਂ ਦੀ ਮਹੱਤਤਾ ਦਾ ਪਤਾ ਸਾਇੰਸਦਾਨਾਂ ਨੂੰ ਲੱਗ ਚੁੱਕਿਆ ਹੈ ਤਾਂ ਦੇਸ਼ ਦੇ ਹਰ ਬੰਦੇ ਨੂੰ ਰੁੱਖਾਂ ਨੂੰ ਲਾਉਣ ਦਾ ਫਿਕਰ ਕਰਨਾ ਚਾਹੀਦਾ ਹੈ। ਹੁਣ ਉਨ੍ਹਾਂ ਦੀ ਨਸੀਅਤ ਅਨੁਸਾਰ ਉਨ੍ਹਾਂ ਨੂੰ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਲਈ

ਰੁੱਖਾਂ ਨੂੰ ਲਾਉਣ ਲਈ ਤਨ, ਮਨ, ਧਨ ਵਾਰ ਦੇਣਾ ਚਾਹੀਦਾ ਹੈ। ਜਦੋਂ ਕਾਲ ਪੈਂਦਾ ਹੁੰਦਾ ਹੈ ਤਾਂ ਮਰਨ ਵਾਲਿਆਂ ਬੰਦਿਆਂ ਦੇ ਸਿਰਹਾਣਿਆਂ ਦੇ ਹੇਠਾਂ ਤੋਂ ਸੋਨੇ ਚਾਂਦੀ ਦੇ ਗਹਿਣੇ ਲੱਭਦੇ ਹੁੰਦੇ ਹਨ। ਸਾਲ 1988 ਵਿੱਚ ਦਰਿਆਵਾਂ ਦੇ ਜਿਹੜੇ ਹੜ੍ਹ ਆਏ, ਭਾਵੇਂ ਉਨ੍ਹਾਂ ਨਾਲ ਅਰਬਾਂ ਰੁਪਏ ਦਾ ਨੁਕਸਾਨ ਹੋਇਆ, ਸੈਂਕੜੇ ਬੰਦੇ ਤੇ ਪਸ਼ੂ ਮਰੇ ਪਰ ਫਿਰ ਵੀ ਉਹ ਉਸ ਪਰਲੋ ਦਾ ਛੋਟਾ ਜਿਹਾ ਨਮੂਨਾ ਸੀ ਜਿਸ ਅੱਧੀ ਦੁਨੀਆਂ ਨੂੰ ਮਾਰਨ ਵਾਲੀ ਪਰਲੋ ਨੂੰ ਲੋਕੀਂ ਮੋਟਰਕਾਰਾਂ ਦੇ ਸ਼ੌਕੀਨ ਆਪਣੇ ਹੰਕਾਰ ਦੇ ਪ੍ਰਗਟਾਵੇ ਲਈ ਸੱਦਾ ਦੇ ਰਹੇ ਹਨ।


ਮਹਾਤਮਾ ਬੁੱਧ ਭਾਰਤ ਦੇ ਇਤਿਹਾਸ ਵਿੱਚ ਬਹੁਤ ਵੱਡੀ ਹਸਤੀ ਹੋਏ ਹਨ ਜਿਨ੍ਹਾਂ ਦਾ ਚਲਾਇਆ ਮਜ਼ਬ 'ਬੁੱਧ ਮਜ਼ਬ' ਕਈ ਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਮਹਾਤਮਾ ਬੁੱਧ ਨੇ ਉਪਦੇਸ਼ ਦਿੱਤਾ ਸੀ ਕਿ ਜਿਉਂ-ਜਿਉਂ ਉਮਰ ਬੀਤਦੀ ਜਾਵੇ ਹਰ ਬੰਦਾ ਹਰ ਪੰਜਵੇਂ ਸਾਲ ਇਕ ਨਵਾਂ ਰੁੱਖ ਜ਼ਰੂਰ ਲਾਵੇ। ਜੇ ਕੋਈ ਆਦਮੀ 100 ਸਾਲ ਜੀਵੇਗਾ ਤਾਂ ਉਹ ਘੱਟ ਤੋਂ ਘੱਟ ਅਠ੍ਹਾਰਾਂ ਰੁੱਖ ਲਾਵੇਗਾ। ਹਿੰਦੂ ਧਰਮ ਦੇ ਛੇ ਸ਼ਾਸਤਰ ਤੇ ਅਠ੍ਹਾਰਾਂ ਪੁਰਾਣ ਹਨ। ਮਤੱਸਿਆ ਪੁਰਾਣ ਵਿੱਚ ਰੁੱਖਾਂ ਦੀ ਮਹੱਤਤਾ ਇਨ੍ਹਾਂ ਸ਼ਬਦਾਂ ਵਿੱਚ ਬਿਆਨ ਕੀਤੀ ਗਈ ਹੈ ਕਿ ਜਿਹੜਾ ਬੰਦਾ ਇਕ ਖੂਹ ਲਾਉਂਦਾ ਹੈ ਉਹ ਓਨੇ ਸਾਲ ਸਵਰਗ ਵਿੱਚ ਰਹਿੰਦਾ ਹੈ ਜਿੰਨੀ ਗਿਣਤੀ ਦੇ ਤੁਪਕੇ ਉਸ ਖੂਹ ਦੇ ਪਾਣੀ ਵਿੱਚ ਹੋਣ। ਜਿਹੜਾ ਬੰਦਾ ਦਸ ਖੂਹ ਲਗਾਵੇ ਉਸ ਦਾ ਪੁੰਨ ਇਕ ਤਲਾਅ ਦੇ ਬਰਾਬਰ ਹੋ ਜਾਂਦਾ ਹੈ। ਜਿਹੜਾ ਬੰਦਾ ਦਸ ਤਲਾਅ ਪੁਟਾਏ ਉਸ ਦਾ ਪੁੰਨ ਇਕ ਝੀਲ ਬਣਾਉਣ ਦੇ ਬਰਾਬਰ ਹੁੰਦਾ ਹੈ ਜਿਹੜਾ ਬੰਦਾ ਦਸ ਝੀਲਾਂ ਬਣਵਾਏ ਉਸ ਦਾ ਪੁੰਨ ਇਕ ਨੇਕ ਤੇ ਗੁਣਵਾਨ ਪੁੱਤਰ ਦੇ ਜਨਮ ਦੇ ਬਰਾਬਰ ਹੋ ਜਾਂਦਾ ਹੈ। ਜਿਸ ਬੰਦੇ ਦੇ ਘਰ ਦਸ ਨੇਕ ਤੇ ਗੁਣਵਾਨ ਪੁੱਤਰ ਪੈਦਾ ਹੋਣ ਉਨ੍ਹਾਂ ਦਾ ਫਲ ਇਕ ਰੁੱਖ ਲਾਉਣ ਦੇ ਬਰਾਬਰ ਹੁੰਦਾ ਹੈ। ਸੰਨ 1904 ਵਿੱਚ ਜਦ ਮੇਰਾ ਜਨਮ ਹੋਇਆ ਉਸ ਸਮੇਂ ਮੇਰਾ ਬਾਪ ਇਕ ਅਮੀਰ ਆਦਮੀ ਸੀ। ਉਸ ਨੇ ਪਿੰਡ ਵਿੱਚ ਇਕ ਤਲਾਅ ਪੁਟਵਾਇਆ ਸੀ। ਮੇਰੀ ਮਾਂ ਨੇ ਦੋ ਤ੍ਰਿਬੈਣੀਆਂ ਤੇ ਤਿੰਨ ਪਿੱਪਲ ਦੇ ਰੁੱਖ ਲਾਏ ਸਨ। ਤ੍ਰਿਬੈਣੀ ਤਿੰਨ ਰੁੱਖਾਂ ਦੀ ਹੁੰਦੀ ਹੈ ਪਿੱਪਲ, ਬਰੋਟਾ (ਬੋਹੜ) ਤੇ ਨਿੰਮ। ਤਿੰਨੇ ਰੁੱਖ ਅਜੇ ਤਕ ਉਸ ਤਲਾਅ ਦੇ ਕੰਢੇ ਖੜ੍ਹੇ ਹਨ ਜਿਨ੍ਹਾਂ ਦੀ ਉਮਰ ਇਸ ਸਮੇਂ 76 ਸਾਲ ਹੋਵੇਗੀ। ਸਿੱਖ ਪੰਥ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਜਦ ਆਸਾਮ ਪ੍ਰਾਂਤ ਦੇ ਚਾਰ ਸਾਲ ਦੇ ਦੌਰੇ 'ਤੇ ਗਏ ਸਨ ਤਾਂ ਰਸਤੇ ਵਿੱਚ ਜਿਸ ਜਿਸ ਇਲਾਕੇ ਵਿੱਚ ਉਨ੍ਹਾਂ ਨੇ ਰੁੱਖਾਂ ਦੀ ਘਾਟ ਦੇਖੀ ਸੀ ਉਥੇ ਉਥੇ ਉਹ ਰੁੱਖ ਲਗਾਉਂਦੇ ਗਏ ਸਨ। ਲੋਕੀਂ ਪਾਗਲਪਨ ਨਾਲ ਪੈਦਲ ਤੁਰਨਾ, ਸਾਈਕਲ 'ਤੇ ਚੜ੍ਹਨਾ, ਟਾਂਗਿਆਂ 'ਤੇ ਚੜ੍ਹਨਾ ਛੱਡ ਕੇ, ਬੈਲਾਂ ਨਾਲ ਖੇਤੀ ਕਰਨਾ ਛੱਡ ਕੇ, ਖੋਤਿਆਂ ਤੇ ਗੱਡਿਆਂ ਨਾਲ ਮਾਲ ਢੁਆਉਣਾ ਛੱਡ ਕੇ ਹੰਕਾਰ ਦੇ ਪ੍ਰਗਟਾਵਿਆਂ, ਤੇ ਸੁੱਖ-ਰਹਿਣਾ ਜੀਵਨ ਬਿਤਾਉਣ ਨਾਲ ਉਹ ਤਬਾਹੀਆਂ ਲਿਆ ਰਹੇ ਹਨ ਜਿਹੜੀਆਂ ਪੰਜਾਹ ਸਾਲ ਤੱਕ ਲੋਕਾਂ ਦਾ ਜਿਊਣਾ ਦੁੱਭਰ ਕਰ ਦੇਣਗੀਆਂ। ਭਾਰਤ ਦੀ ਧਰਤੀ ਨੇ ਐਨਾ ਗਰਮ ਹੋ ਜਾਣਾ ਹੈ ਕਿ ਲੋਕੀਂ ਤੜਫਣਗੇ, ਅੱਖਾਂ ਖ਼ਰਾਬ ਹੋਣਗੀਆਂ, ਖੇਤੀ ਦੀ ਪੈਦਾਵਾਰ ਸੌ ਵਿੱਚੋਂ ਵੀਹ ਹਿੱਸੇ ਰਹਿ ਜਾਵੇਗੀ ਤੇ ਅੱਸੀ ਹਿੱਸੇ ਘਟ ਜਾਵੇਗੀ। ਇਸ ਗਰਮੀ ਨੂੰ ਲਿਆਉਣ ਦਾ ਵੱਡਾ ਕਾਰਨ ਕਾਰਖਾਨਿਆਂ ਵਿੱਚੋਂ ਕੋਲੇ ਦਾ ਸੜਨਾ, ਇੰਞਣਾਂ, ਬੱਸਾਂ, ਟਰੱਕਾਂ, ਮੋਟਰਾਂਕਾਰਾਂ, ਮੋਟਰਸਾਈਕਲਾਂ ਤੇ ਸਕੂਟਰਾਂ ਵਿੱਚ ਪੈਟਰੋਲ ਦਾ ਸੜਨਾ ਹੈ। ਪੱਥਰ ਦਾ ਕੋਇਲਾ ਸੜੇ, ਲੱਕੜ ਸੜੇ, ਗੋਹਾ ਸੜੇ, ਪੈਟਰੌਲ ਸੜੇ ਇਨ੍ਹਾਂ ਸਭ ਦੇ ਸੜਣ ਨਾਲ ਗਰਮੀ ਵੀ ਪੈਦਾ ਹੁੰਦੀ ਹੈ ਤੇ ਜ਼ਹਿਰੀਲੀਆਂ ਗੈਸਾਂ ਵੀ ਪੈਦਾ ਹੁੰਦੀਆਂ ਹਨ। ਰੁੱਖ ਇਨ੍ਹਾਂ ਜ਼ਹਿਰੀਲੀਆਂ ਗੈਸਾਂ ਨੂੰ ਖਾਂਦੇ ਹਨ ਤੇ ਜੀਵਾਂ ਨੂੰ ਜਿਉਂਦਾ ਰੱਖਣ ਵਾਲੀ ਆਕਸੀਜਨ ਗੈਸ ਪੈਦਾ ਕਰਦੇ ਹਨ। ਪਿੱਪਲ ਤੇ ਬੋਹੜ ਦਾ ਰੁੱਖ ਦੋ ਸੌ ਬੰਦਿਆਂ ਨੂੰ ਜਿਉਂਦਾ ਰੱਖਣ ਲਈ ਆਕਸੀਜਨ ਗੈਸ ਪੈਦਾ ਕਰ ਦਿੰਦਾ ਹੈ। ਬੋਹੜ ਦੇ ਰੁੱਖ ਹੇਠਾਂ ਹਵਾ ਠੰਢੀ ਇਸ ਲਈ ਹੋ ਜਾਂਦੀ ਹੈ ਕਿਉਂਕਿ ਬੋਹੜ ਦੇ ਪੱਤੇ ਸੂਰਜ ਦੀ ਧੁੱਪ ਦੀ ਗਰਮੀ ਨੂੰ ਖਾ ਜਾਂਦੇ ਹਨ। ਲੋਕ ਪੈਦਲ ਤੁਰਨਾ ਨਾ ਛੱਡਣ, ਸਾਈਕਲ ਵਰਤਣ, ਮੋਟਰਕਾਰਾਂ 'ਤੇ ਚੜ੍ਹਨਾ ਛੱਡਣ। ਜਿੱਥੇ ਰੇਲ ਗੱਡੀ ਜਾਂਦੀ ਹੈ ਉਥੇ ਲੋਕੀਂ ਬੱਸ ਜਾਂ ਮੋਟਰਕਾਰ 'ਤੇ ਨਾ ਜਾਣ। ਹਰ ਸਿੱਖ ਦਾ ਕਰਤੱਵ ਬਣਦਾ ਹੈ ਕਿ ਉਹ ਆਪਣੀ ਕਮਾਈ ਵਿੱਚੋਂ ਦਸਵੇਂ ਹਿੱਸੇ ਦਾ ਦਸਵੰਧ ਕੱਢ ਕੇ ਦਾਨ ਭੇਜੇ ਤਾਂ ਜੋ ਸ੍ਰੀ ਦਰਬਾਰ ਸਾਹਿਬ ਤੇ ਹੋਰਨਾਂ ਕਈ ਪ੍ਰਸਿੱਧ ਗੁਰਦੁਆਰਿਆਂ ਦੇ ਬੂਹਿਆਂ ਅੱਗੇ ਦੇਸ਼ ਤੇ ਦੁਨੀਆਂ ਨੂੰ ਬਚਾਉਣ ਵਾਲੀ ਪਿੰਗਲਵਾੜੇ ਦੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਹੋ ਰਹੀ ਨਿਖੇੜਵੀਂ ਸੇਵਾ, ਮਾਇਆ ਦੀ ਥੁੜ੍ਹ ਤੋਂ ਪੈਦਾ ਹੋਣ ਵਾਲੇ ਵਿਘਨਾਂ ਤੋਂ ਬਿਨਾਂ ਚਲਦੀ ਰਹੇ। ਦੁਨੀਆਂ ਦੀ ਅੱਧੀ ਆਬਾਦੀ ਸਮੁੰਦਰਾਂ ਦੇ ਕਿਨਾਰੇ ਵੱਸਦੀ ਹੈ। ਸਮੁੰਦਰਾਂ ਵਿੱਚ ਬਰਫ ਦੇ ਪਹਾੜ ਖੜ੍ਹੇ ਹ ਨ। ਜਿਹੜੀ ਗਰਮੀ ਪੈਦਾ ਹੋ ਰਹੀ ਹੈ ਉਹ ਵਾਯੂ-ਮੰਡਲ ਵਿੱਚ ਜਮ੍ਹਾਂ ਹੋ ਰਹੀ ਹੈ। ਉਸ ਗਰਮੀ ਨੇ ਕੁਝ ਸਾਲਾਂ ਤੱਕ ਐਨੇ ਵਧ ਜਾਣਾ ਹੈ ਕਿ ਉਸ ਨਾਲ ਬਰਫ ਦੇ ਪਹਾੜ ਪਿਘਲ ਜਾਣਗੇ ਜਿਸ ਦੇ ਕਾਰਨ ਸਮੁੰਦਰ ਦਾ ਪਾਣੀ ਏਨਾ ਉੱਚਾ ਹੋ ਜਾਵੇਗਾ ਕਿ ਉਸ ਉੱਚਾਈ ਤੋਂ ਜਿਹੜਾ ਪਾਣੀ ਦਾ ਹੜ੍ਹ ਆਵੇਗਾ ਉਸ ਵਿੱਚ ਡੁੱਬ ਕੇ ਸਮੁੰਦਰ ਦੇ ਕੰਢੇ ਰਹਿਣ ਵਾਲੇ ਦੁਨੀਆਂ ਦੇ ਅੱਧੇ ਬੰਦੇ, ਜਾਨਵਰ, ਜੀਵ-ਜੰਤੂ ਸਭ ਮਰ ਜਾਣਗੇ। ਮੋਟਰਕਾਰਾਂ, ਮੋਟਰਸਾਈਕਲਾਂ, ਬੱਸਾਂ, ਟਰੱਕਾਂ ਤੇ ਤਿੰਨਾਂ ਪਹੀਆਂ ਵਾਲੇ ਸਕੂਟਰ ਰਿਕਸ਼ਿਆਂ ਤੇ ਨਿਕਲਣ ਵਾਲੀ ਗਰਮੀ ਦਾ ਪਾਗਲਪਨ ਬਰਫ ਦੇ ਪਹਾੜ ਪਿਘਲਾਏਗਾ ਤੇ ਅੱਧੀ ਦੁਨੀਆਂ ਨੂੰ ਮਰਵਾਏਗਾ। ਹੰਕਾਰ ਦੇ ਪ੍ਰਘਟਾਵੇ ਤੇ ਅਰਾਮ-ਤਲਬੀ ਲਈ ਮੋਟਰਕਾਰਾਂ ਤੇ ਮੋਟਰਸਾਈਕਲਾਂ ਨੂੰ ਵਰਤਣ ਵਾਲੇ ਅਮੀਰਾਂ, ਵਜ਼ੀਰਾਂ ਤੇ ਹੋਰਨਾਂ ਅਫਸਰਾਂ ਨੂੰ ਚੀਨ ਦੇਸ਼ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਸ ਦੇਸ਼ ਵਿੱਚ ਕੇਵਲ ਸਰਕਾਰੀ ਮੋਟਰਕਾਰ ਤੇ ਮੋਟਰਸਾਈਕਲ ਹੀ ਚਲਦੇ ਹਨ ਹੋਰ ਕੋਈ ਬੰਦਾ ਭਾਵੇਂ ਕੋਈ ਕਿੱਡਾ ਵੱਡਾ ਅਮੀਰ ਜਾਂ ਕਿੱਡਾ ਵੱਡਾ ਅਫਸਰ ਹੋਵੇ ਉਸ ਨੂੰ ਮੋਟਰਕਾਰ ਤੇ ਮੋਟਰਸਾਈਕਲ ਵਰਤਣ ਦੀ ਆਗਿਆ ਨਹੀਂ ਹੁੰਦੀ। ਹਰ ਇਕ ਨੂੰ ਬਾਈਸਿਕਲ ਦੀ ਹੀ ਸਵਾਰੀ ਕਰਨੀ ਪੈਂਦੀ ਹੈ। ਹਰ ਦੇਸ਼ ਦੇ ਚਾਰ ਦੁਸ਼ਮਣ ਹੁੰਦੇ ਹਨ। ਗਰੀਬੀ, ਬੇਕਾਰੀ, ਅਨਪੜ੍ਹਤਾ ਤੇ ਰੋਗ। ਦੇਸ਼ ਦੇ ਕਰੋੜਾਂ, ਬੇਕਾਰ ਬੰਦਿਆਂ ਨੂੰ ਬੇਕਾਰੀ ਤੋਂ ਬਚਾਉਣ ਲਈ ਬੰਜਰ ਜ਼ਮੀਨ 'ਤੇ ਰੁੱਖ ਲਾਉਣ 'ਤੇ ਲਾਇਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਜਿੱਥੇ ਬੇਕਾਰ ਬੰਦੇ ਭੁੱਖ ਨਾਲ ਮਰਨ ਤੋਂ ਬਚ ਜਾਣਗੇ ਉਥੇ ਉਹ ਬੇਕਾਰੀ ਦੇ ਕਾਰਨ ਚੋਰ-ਡਾਕੂ ਬਣਨ ਤੋਂ ਬਚ ਜਾਣਗੇ। ਅਜਿਹਾ ਕਰਨ ਲਈ ਅਮੀਰ ਲੋਕ ਮੋਟਰਕਾਰਾਂ 'ਤੇ ਚੜ੍ਹਨਾ ਛੱਡਣ, ਮਹਿੰਗੇ ਕੱਪੜੇ ਤੇ ਗਹਿਣੇ ਖਰੀਦਣਾ ਛੱਡਣ, ਵੱਡੀਆਂ-ਵੱਡੀਆਂ ਕੋਠੀਆਂ ਬਣਾਉਣੀਆਂ ਛੱਡਣ ਤੇ ਗਰੀਬਾਂ ਵਾਲਾ ਜੀਵਨ ਬਤੀਤ ਕਰਨ ਤੇ ਬੈਂਕਾਂ ਵਿੱਚੋਂ ਰੁਪਿਆ ਕੱਢ ਕੇ ਬੰਜਰ ਧਰਤੀ 'ਤੇ ਰੁੱਖ ਲਾਉਣ 'ਤੇ ਖਰਚ ਕਰਨ। ਰੁੱਖਾਂ ਦੀ ਘਾਟ ਦੇ ਕਾਰਨ ਪਾਣੀ ਮੁੱਕਦਾ ਜਾ ਰਿਹਾ ਹੈ। ਜੋ ਪੈਟਰੋਲ ਕੋਇਲਾ ਸੜ ਰਿਹਾ ਹੈ ਉਸ ਨਾਲ ਤੇਜ਼ਾਬ ਦੀ ਵਰਖਾ ਵੀ ਪੈਣ ਲੱਗ ਪੈਣੀ ਹੈ। ਰੁੱਖਾਂ ਤੋਂ ਬਿਨਾਂ ਹਨੇਰੀਆਂ ਲੋਕਾਂ ਦਾ ਜਿਊਣਾ ਦੁੱਭਰ ਕਰ ਦੇਣਗੀਆਂ। ਰੁੱਖਾਂ ਤੋਂ ਬਿਨਾਂ ਅਨੇਕਾਂ ਦੇਸ਼ਾਂ ਦੀ ਧਰਤੀ ਦਾ ਮਾਰੂਥਲ ਹੋ ਚੁੱਕੀ ਹੈ।

ਇਕ ਹਨੇਰੀ ਰਾਤ ਨੂੰ ਮੈਂ ਆਪਣੇ ਘਰ ਜੋ ਦੂਸਰੀ ਮੰਜ਼ਲ ਤੇ ਹੈ ਬਿਸਤਰੇ ਉਪਰ ਅਜੇ ਲੇਟੀ ਹੀ ਸੀ। ਥੱਲੇ ਗਲੀ ਵਿਚੋਂ ਇਕ ਸਿਪਾਹੀ ਦੇ ਬੂਟਾ ਦੀ ਆਵਾਜ਼ ਸੁਣੀ, ਮਨੋਰੰਜਨ ਜਗ੍ਹਾ ਤੋਂ ਵਾਪਸ ਆ ਰਹੀਆਂ ਬੱਗੀਆਂ ਦੇ ਪਹੀਆਂ ਦੀ ਠਕਠਕਾ ਸੁਣੀ ਅਤੇ ਇਕ ਔਰਤ ਦਾ ਹਾਸਾ ਵੀ ਸੁਣਿਆ ਅਤੇ ਫਿਰ ਸੌਂ ਗਈ। ਨੀਂਦ ਵਿਚ ਇਕ ਸੁਪਨਾ ਆਇਆ ਕਿ ਰੱਬ ਜੀ ਮੇਰੀ ਰੂਹ ਨੂੰ ਨਰਕ ਵਿਚ ਲੈ ਗਏ ਹਨ। ਨਰਕ ਠੀਕ ਜਗ੍ਹਾ ਸੀ; ਝੀਲ ਦਾ ਪਾਣੀ ਨੀਲਾ ਸੀ।

ਮੈਂ ਰੱਬ ਨੂੰ ਕਿਹਾ, ਮੈਨੂੰ ਇਹ ਥਾਂ ਪਸੰਦ ਆਈ ਹੈ।

ਰੱਬ ਨੇ ਕਿਹਾ, ਉ ਸੱਚੀ!

ਘਾਹ ਮੈਦਾਨ ਦੇ ਕਿਨਾਰੇ ਪਾਣੀ, ਦਰਖ਼ਤਾਂ ਉਪਰ ਬੈਠੇ ਪੰਛੀ ਗਾ ਰਹੇ ਸਨ ਅਤੇ ਸੁੰਦਰ, ਲੰਬੀਆਂ, ਆਕਰਸ਼ਕ, ਸੁਨਹਿਰੀ ਵਾਲ ਖਿਲਾਰ ਕੇ ਔਰਤਾਂ ਦਰਖ਼ਤਾਂ ਵਿਚਕਾਰ ਘੁੰਮ ਰਹੀਆਂ ਸਨ। ਉਹਨਾਂ ਦੇ ਹਲਕੇ ਰੰਗਾਂ ਵਾਲੇ ਕਪੜੇ ਬਦਨ ਨਾਲ ਚਿਪਕੇ ਹੋਏ ਸਨ। ਉਨ੍ਹਾਂ ਦੇ ਸਿਰਾਂ ਨੂੰ ਦਰਖ਼ਤਾਂ ਤੋਂ ਲਟਕਦੀਆਂ ਸੋਨੇ ਰੰਗੀਆਂ ਵੱਡੀਆਂ ਨਾਸ਼ ਪਾਤੀਆਂ ਛੂਹ ਰਹੀਆਂ ਸਨ। ਉਨ੍ਹਾਂ ਦੇ ਚੋਲੇ ਪਿਛੇ ਘਾਹ ਉਤੇ ਘਸਰ ਰਹੇ ਸਨ। ਮੈਂ ਕਿਹਾ, ਇਹ ਚੰਗਾ ਫਲ ਹੈ ਮੈਂ ਜਾ ਕੇ ਚਖਣੀ ਹਾਂ।



**Amrik Singh**
**Ex. Member BBMB**
**Now in Chicago**
**USA.**

ਰੱਬ ਨੇ ਕਿਹਾ, ਠਹਿਰ ਜਾ।

ਥੋੜ੍ਹੀ ਦੇਰ ਬਾਦ ਮੈਂ ਇਕ ਸੁੰਦਰ ਇਸਤਰੀ ਨੂੰ ਉਥੋਂ ਲੰਘਦੀ ਦੇਖੀ ਜਿਸ ਨੇ ਇਧਰ ਉਧਰ ਦੇਖਿਆ, ਇਕ ਟਾਹਣੀ ਤੇ ਲਗੇ ਫਲ ਨੂੰ ਚੁੰਮਿਆ ਅਤੇ ਫਿਰ ਅਗੇ ਚੁਪ-ਚਾਪ ਚਲ ਗਈ। ਇਸ ਤੋਂ ਬਾਦ ਇਕ ਹੋਰ ਜ਼ਿਆਦਾ ਸੁੰਦਰ ਔਰਤ ਜਿਸ ਦਾ ਪਤਲਾ, ਹਲਕੇ ਰੰਗਾ ਚੋਲਾ ਸੀ ਉਸ ਨੇ ਵੀ ਇਧਰ ਉਧਰ ਦੇਖਿਆ। ਜਦੋਂ ਕੋਈ ਨਜ਼ਰ ਨਾ ਆਇਆ ਤਾਂ ਉਸਨੇ ਫਲ ਉਪਰ ਮੂੰਹ ਨਾਲ ਨਿਸ਼ਾਨ ਪਾ ਕੇ ਬੁੱਲ੍ਹਾ ਨਾਲ ਨਿਸ਼ਾਨ ਬੰਦ ਕੀਤਾ ਅਤੇ ਚਲੀ ਗਈ। ਇਸ ਤਰ੍ਹਾਂ ਮੈਂ ਕਈ ਔਰਤਾਂ ਨੂੰ ਚੁਪ-ਚਾਪ ਆਉਂਦੀਆਂ ਦੇਖਿਆ ਜਿਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ ਅਤੇ ਘਾਹ ਤੋਂ ਅਗੇ ਵਲ ਚਲਦੀਆਂ ਗਈਆਂ।

ਅਤੇ ਮੈਂ ਰੱਬ ਨੂੰ ਕਿਹਾ, ਇਹ ਕੀ ਕਰ ਰਹੀਆਂ ਹਨ? ਰੱਬ ਨੇ ਕਿਹਾ, ਇਹ ਫਲਾਂ ਵਿਚ ਜ਼ਹਿਰ ਭਰ ਰਹੀਆਂ ਹਨ।

ਮੈਂ ਕਿਹਾ, ਕਿਸ ਤਰ੍ਹਾਂ?

ਰੱਬ ਬੋਲਿਆ, ਉਹ ਆਪਣੇ ਛੋਟੇ ਦੰਦਾਂ ਨਾਲ ਫਲਾਂ ਵਿਚ ਵਿਸ ਘੋਲ ਕਿ ਫਿਰ ਬੁੱਲ੍ਹਾ ਨਾਲ ਫਲ ਪਧਰਾ ਕਰ ਦਿੰਦੀਆਂ ਹਨ ਤਾਂ ਕਿ ਕੋਈ ਆਦਮੀ ਵੀ ਨਿਸ਼ਾਨ ਦੇਖ ਨਾ ਸਕੇ ਅਤੇ ਅਗੇ ਨੂੰ ਚਲੀਆਂ ਜਾਦੀਆਂ ਹਨ।

ਮੈਂ ਰੱਬ ਨੂੰ ਕਿਹਾ, "ਉਹ ਇਹ ਕਿਉਂ ਕਰਦੀਆਂ ਹਨ?

ਰੱਬ ਬੋਲਿਆ, "ਤਾਂ ਕਿ ਕੋਈ ਹੋਰ ਨਾ ਖਾ ਸਕੇ।

ਮੈਂ ਰੱਬ ਨੂੰ ਪੁੱਛਿਆ ਕਿਹਾ, ਇਸ ਤਰਾਂ ਜਹਿਰੀਲਾ ਕਰਨ ਨਾਲ ਕੋਈ ਵੀ ਹਿੰਮਤ ਨਹੀਂ ਕਰੇਗਾ ਖਾਣ ਲਈ ਤਾਂ ਉਹਨਾਂ ਨੂੰ ਕੀ ਫਾਇਦਾ ਹੋਵੇਗਾ?

ਰੱਬ ਨੇ ਕਿਹਾ, ਕੁਝ ਨਹੀਂ।

ਮੈਂ ਕਿਹਾ, ਕੀ ਇਹ ਲੋਕ ਡਰਦੇ ਨਹੀਂ ਜੇ ਕਿਸੇ ਦਾ ਵਿਸ ਘੋਲਿਆ ਫਲ ਉਹ ਗਲਤੀ ਨਾਲ ਆਪ ਹੀ ਖਾ ਲਵੇ ਤਾਂ?

ਰੱਬ ਬੋਲਿਆ, ਉਹ ਡਰਦੇ ਹਨ। ਨਰਕ ਵਿਚ ਸਭ ਡਰਦੇ ਹਨ।

ਰੱਬ ਨੇ ਮੈਨੂੰ ਅਗੇ ਆਉਣ ਲਈ ਕਿਹਾ ਅਤੇ ਝੀਲ ਦਾ ਪਾਣੀ ਮੈਨੂੰ ਘਟ ਨੀਲਾ ਲੱਗਾ।

ਦਰਖ਼ਤਾਂ ਦੇ ਖੱਬੇ ਵਾਲੇ ਪਾਸੇ ਆਦਮੀ ਕੰਮ ਕਰ ਰਹੇ ਸਨ। ਮੈਂ ਰੱਬ ਨੂੰ ਕਿਹਾ, ਮੈਂ ਵੀ ਉਹਨਾਂ ਨਾਲ ਕੰਮ ਕਰਨਾ ਚਾਹੁੰਦੀ ਹਾਂ। ਨਰਕ ਬੜੀ ਜ਼ਰਖੇਜ਼ ਜਗਾ ਲਗਦੀ ਹੈ ਕਿਉਂਕਿ ਇਥੇ ਦਾ ਘਾਹ ਦੇਖੋ ਕਿੰਨਾ ਹਰਿਆ ਹੈ।

ਰੱਬ ਨੇ ਕਿਹਾ, ਜਿਹੜੇ ਬਾਗ਼ ਉਹ ਬਣਾ ਰਹੇ ਹਨ ਉਹਨਾਂ ਵਿਚ ਕੁਝ ਨਹੀਂ ਉੱਗਦਾ।

ਅਸੀਂ ਖੜੇ ਦੇਖਦੇ ਰਹੇ। ਉਹ ਖੱਡੇ ਪੁੱਟਦੇ ਅਤੇ ਫਿਰ ਟਾਹਣੀਆਂ ਨਾਲ ਖੱਡਿਆਂ ਨੂੰ ਕਜ ਦਿੰਦੇ ਅਤੇ ਉਪਰ ਥੋੜ੍ਹੀ ਜਿੰਨੀ ਮਿਟੀ ਪਾ ਦਿੰਦੇ। ਫਿਰ ਉਹ ਝਾੜੀਆਂ ਵਿਚ ਲੁਕ ਕੇ ਬੈਠ ਜਾਂਦੇ।

ਮੈਂ ਰੱਬ ਨੂੰ ਕਿਹਾ, ਇਹ ਕੀ ਕਰ ਰਹੇ ਹਨ?

ਰੱਬ ਬੋਲਿਆ, ਖੱਡੇ ਬਣਾ ਕੇ ਉਹਨਾਂ ਨੂੰ ਕਜ ਰਹੇ ਹਨ ਤਾਂ ਜੋ ਦੂਸਰੇ ਲੋਕ ਖੱਡਿਆਂ ਵਿਚ ਡਿਗ ਪੈਣ।

ਮੈਂ ਰੱਬ ਨੂੰ ਕਿਹਾ, ਇਹ ਕਿਉਂ।

ਰੱਬ ਬੋਲਿਆ, ਕਿਉਂਕਿ ਹਰ ਕੋਈ ਸੋਚਦਾ ਹੈ ਕਿ ਜਦੋਂ ਉਨ੍ਹਾਂ ਦੇ ਸਾਥੀ ਥੱਲੇ ਡਿਗ ਪੈਣ ਤਾਂ ਉਹ ਆਪ ਅਗੇ ਵੱਧ ਜਾਣਗੇ।

ਮੈਂ ਰੱਬ ਨੂੰ ਕਿਹਾ, ਉਹ ਕਿਸ ਤਰ੍ਹਾਂ ਅਗੇ ਵਧਣਗੇ?

ਰੱਬ ਨੇ ਕਿਹਾ, ਇਸ ਤਰ੍ਹਾਂ ਕਰਨ ਨਾਲ ਉਹ ਅਗੇ ਨਹੀਂ ਵੱਧ ਸਕਦੇ।

ਅਤੇ ਮੈਂ ਦੇਖਿਆ ਕਿ ਉਹਨਾਂ ਦੀਆਂ ਅੱਖਾਂ ਝਾੜੀਆਂ ਵਿਚੋਂ ਲਿਸ਼ਕਦੀਆਂ ਨਜ਼ਰ ਆ ਰਹੀਆਂ ਹਨ।

ਮੈਂ ਰੱਬ ਨੂੰ ਕਿਹਾ, ਕੀ ਇਹ ਆਦਮੀ ਦਿਮਾਗੀ ਤੌਰ ਤੇ ਪਾਗਲ ਹਨ?

ਰੱਬ ਬੋਲਿਆ, ਇਹ ਪਾਗਲ ਨਹੀਂ ਹਨ। ਨਰਕ ਵਿਚ ਕੋਈ ਆਦਮੀ ਪਾਗਲ ਨਹੀਂ ਹੁੰਦਾ।

ਰੱਬ ਨੇ ਮੈਨੂੰ ਅਗੇ ਆਉਣ ਵਾਸਤੇ ਕਿਹਾ। ਮੈਂ ਹੌਲੀ-ਹੌਲੀ ਅਗੇ ਚਲ ਪਈ ਅਤੇ ਅਸੀਂ ਨਰਕ ਦੇ ਖੁੱਲੇ ਮੈਦਾਨਾਂ ਵਿਚ ਆ ਪਹੁੰਚੇ। ਉਥੇ ਇਕ ਵੱਡਾ ਘਰ ਸੀ ਜਿਸਦੀ ਛੱਤ ਸੰਗਮਰਮਰ ਦੀਆਂ ਕਈ ਲਾਠਾਂ ਉਪਰ ਖੜ੍ਹੀ ਸੀ ਅਤੇ ਇਸ ਘਰ ਵਿਚ ਅੰਦਰ ਜਾਣ ਲਈ ਪੌੜੀਆਂ ਵੀ ਚਿਟੇ

ਸੰਗਮਰਮਰ ਦੀਆਂ ਸਨ। ਮਾਨੋਂ ਸਵਰਗ ਦੀ ਹਵਾ ਇਸ ਘਰ ਦੇ ਅੰਦਰ ਆਉਂਦੀ ਸੀ। ਇਸ ਘਰ ਦੇ ਪਿਛੇ ਮੋਟਾ ਪੜਦਾ ਲਟਕ ਰਿਹਾ ਸੀ। ਵੱਡੇ-ਵੱਡੇ ਮੇਜ਼ਾਂ ਅਤੇ ਕੁਰਸੀਆਂ ਉਪਰ ਸੁੰਦਰ ਇਸਤਰੀਆਂ ਅਤੇ ਸੋਹਣੇ ਆਦਮੀਆਂ ਦੀ ਇਥੇ ਪਾਰਟੀ ਚਲ ਰਹੀ ਸੀ। ਉਹ ਨੱਚ ਰਹੇ ਸਨ। ਮੈਂ ਔਰਤਾਂ ਦੇ ਚੋਲੇ ਹਵਾ ਵਿਚ ਲਹਿਰਾਉਂਦੇ ਦੇਖੇ ਜਿੰਨਾ ਨੂੰ ਦੇਖ ਕੇ ਤਗੜੇ ਮਰਦ ਮਸਤੀ ਵਿਚ ਹੱਸਦੇ ਨਜ਼ਰ ਆਏ। ਪਾਰਟੀ ਸ਼ਰਾਬ ਦੀ ਸੀ ਜੋ ਕਿ ਉਹ ਪਿਛੇ ਪਏ ਹੋਏ ਵੱਡੇ ਮਟਕਿਆਂ ਵਿਚੋਂ ਕੱਢਦੇ। ਜਦੋਂ ਉਹ ਸ਼ਰਾਬ ਮਟਕਿਆਂ ਤੋਂ ਬਾਹਰ ਕੱਢਦੇ ਤਾਂ ਮੈਂ ਸ਼ਰਾਬ ਦੀ ਚਮਕ ਦੇਖਦੀ।

ਮੈਂ ਰੱਬ ਨੂੰ ਕਿਹਾ, ਮੈਂ ਵੀ ਅੰਦਰ ਜਾਂਦੀ ਹਾਂ ਪੀਣ ਲਈ।

ਰੱਬ ਨੇ ਕਿਹਾ, ਇੰਤਜ਼ਾਰ ਕਰ।

ਮੈਂ ਪਰਦੇ ਦੀਆਂ ਕੰਨੀਆਂ ਪਰਾਂ ਕਰਦੇ ਹੋਏ ਦੂਜੇ ਪਾਸਿਓਂ ਕੁਝ ਆਦਮੀ ਅੰਦਰ ਹਾਲ ਵਿਚ ਸ਼ਰਾਬ ਦੇ ਭਾਰੀ ਮਟਕੇ ਬੜੀ ਮੁਸ਼ਕਲ ਨਾਲ ਚੁਕੀ ਦਾਖਲ ਹੁੰਦੇ ਦੇਖੇ। ਫਿਰ ਪਰਦਾ ਅੱਛੀ ਤਰ੍ਹਾਂ ਲਟਕਾ ਦਿੱਤਾ। ਔਰਤਾਂ ਅਤੇ ਆਦਮੀਆਂ ਦੀ ਭੀੜ ਉਹਨਾਂ ਮਟਕਿਆਂ ਦੁਆਲੇ ਜਮਾਂ ਹੋ ਗਈ। ਆਦਮੀਆਂ ਨੇ ਮਟਕੇ ਖੋਲ ਕੇ ਸਭ ਨੂੰ ਸ਼ਰਾਬ ਦਿੱਤੀ। ਮੈਂ ਔਰਤਾਂ ਨੂੰ ਆਦਮੀਆਂ ਨਾਲੋਂ ਜ਼ਿਆਦਾ ਲੋਭ ਨਾਲ ਸ਼ਰਾਬ ਪੀਂਦਿਆਂ ਦੇਖਿਆ। ਜਦੋਂ ਸਾਰੇ ਬਹੁਤ ਸ਼ਰਾਬੀ ਹੋ ਗਏ ਤਾਂ ਉਹਨਾਂ ਨੇ ਮਟਕੇ ਪਰਾਂ ਕੀਤੇ ਤੇ ਫਿਰ ਕੁਰਸੀਆਂ ਉਪਰ ਬੈਠ ਗਏ। ਕੁਝ ਮਟਕੇ ਬੜੇ ਪੁਰਾਣੇ, ਜੰਗਲੇ ਹੋਏਅਤੇ ਕੁਝ ਭੱਠੀ ਵਿਚੋਂ ਨਿਕਲ ਕੇ ਚਮਕੀਲੇ ਹੋਏ ਸਨ।

ਮੈਂ ਰੱਬ ਨੂੰ ਕਿਹਾ, ਇਹ ਕੀ ਹੈ? ਕਿਉਂਕਿ ਪੈਰਾਂ ਦੇ ਨਾਚ, ਗਾਣ-ਵਜਾਉਣ ਅਤੇ ਸ਼ਰਾਬ ਪੀਣ ਦੇ ਹਾਸੇ ਦੌਰਾਨ ਮੈਂ ਇਕ ਚੀਖ ਸੁਣੀ ਹੈ।

ਅਤੇ ਰੱਬ ਨੇ ਕਿਹਾ, ਥੋੜ੍ਹੀ ਦੂਰ ਖਲੋਤੀ ਰਹਿ। ਰੱਬ ਮੈਨੂੰ ਪਰਦੇ ਦੇ ਦੋਵੇਂ ਪਾਸਿਆਂ ਕੋਲ ਲੈ ਗਏ।

ਪਿਛੇ ਸ਼ਰਾਬ ਕੱਢਣ ਦੀ ਮਿਲ ਸੀ। ਮੈਂ ਅੰਗੂਰਾਂ ਨੂੰ ਮਸ਼ੀਨ ਵਿਚ ਕੁਚਲੇ ਜਾਂਦੇ ਅਤੇ ਚੀਖਾਂ ਮਾਰਦੇ ਸੁਣਿਆ।

ਮੈਂ ਕਿਹਾ, ਕੀ ਦੂਸਰੇ ਪਾਸੇ ਲੋਕਾਂ ਨੂੰ ਇਹ ਸੁਣਾਈ ਨਹੀਂ ਦਿੰਦਾ।

ਰੱਬ ਨੇ ਕਿਹਾ, ਪਰਦਾ ਮੋਟਾ ਹੈ ਅਤੇ ਉਹ ਪਾਰਟੀ ਵਿਚ ਮਸਤ ਹਨ।

ਮੈਂ ਕਿਹਾ,"ਪਰ ਜੋ ਆਦਮੀ ਆਖਿਰ ਵਿਚ ਆਏ ਸਨ ਉਹਨਾਂ ਨੇ ਤਾਂ ਦੇਖਿਆ ਸੀ।

ਰੱਬ ਬੋਲਿਆ,"ਪਰਦਾ ਉਨਾਂ ਦੇ ਪਿਛੇ ਡਿਗ ਗਿਆ ਸੀ ਅਤੇ ਉਹ ਭੁੱਲ ਗਏ ਸਨ।

ਮੈਂ ਕਿਹਾ, ਉਹ ਮਟਕੇ ਲੈ ਕੇ ਕਿਸ ਤਰ੍ਹਾਂ ਪਹੁੰਚੇ ਸਨ? ਜਦੋਂ ਉਹ ਮਿਲ ਦੀ ਛੱਤ ਟਪੇ ਉਹ ਡਿਗੇ ਨਹੀਂ?

ਰੱਬ ਬੋਲਿਆ,"ਉਹਨਾਂ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਨਸ਼ੇ ਦੀ ਹਿੰਮਤ ਵਿਚ ਨਹੀਂ ਡਿਗੇ।

ਰੱਬ ਅਤੇ ਮੈਂ ਧੁੱਪ ਵਿਚ ਖਲੋ ਕੇ ਦੇਖਦੇ ਰਹੇ। ਮੈਨੂੰ ਪਾਲਾ ਲਗ ਰਿਹਾ ਸੀ।

ਫਿਰ ਇਕ ਆਦਮੀ ਪਾਰਟੀ ਵਿਚੋਂ ਉਠ ਕੇ ਕਹਿਣ ਲੱਗਾ, ਵੀਰੋ ਉਠੋ ! ਅਰਦਾਸ ਕਰੀਏ ਪ੍ਰਭੂ ਨੂੰ।

ਸਾਰੇ ਲੋਕ ਉਠ ਪਏ, ਸਭ ਨੇ ਸਿਰ ਝੁਕਾਏ, ਮਾਂਵਾਂ ਨੇ ਬਚਿਆਂ ਦੇ ਵੀ ਹੱਥਾਂ ਨੂੰ ਫੜ ਕੇ ਜੋੜਿਆ। ਫਿਰ ਸਿਰ ਛੱਤ ਵਲ ਨੂੰ ਚੁਕਿਆ। ਜੋ ਆਦਮੀ ਪਹਿਲਾਂ ਉਠਿਆ ਸੀ ਹੱਥਾਂ ਨੂੰ ਉਪਰ ਉਠਾ ਕਿ ਉਹਦੀ ਲੰਬੀ ਚਿਟੀ ਦਾਹੜੀ, ਕਮੀਜ਼ ਦੀਆਂ ਕੱਫਾਂ ਵਿਚੋਂ ਸ਼ਰਾਬ ਨਿਕਲ ਕੇ ਫਰਸ਼ ਤੇ ਡਿਗ ਰਹੀ ਸੀ।

ਸਾਰਿਆਂ ਨੇ ਕਿਹਾ, ਰੱਬ ਜੀ ਤੁਹਾਡਾ ਇਸ ਪਾਰਟੀ ਲਈ ਸਾਡੇ ਵਲੋਂ ਸ਼ੁਕਰਾਨਾ। ਰੱਬ ਜੀ ਅਸੀਂ ਤੁਹਾਡੇ ਬਣਾਏ ਹੋਏ ਹਾਂ। ਉਹ ਰੱਬਾ ! ਸਾਡੇ ਮਟਕੇ ਸ਼ਰਾਬ ਨਾਲ ਭਰੀ ਰੱਖਣਾ। ਪਿਆਰੇ ਰੱਬ ਜੀ, ਸਾਨੂੰ ਬਹੁਤ ਦੇਣਾ ਅਤੇ ਸ਼ਾਂਤੀ ਵੀ।

ਉਹਨਾਂ ਨੇ ਛੋਟੇ ਪੱਥਰ ਪਰਦੇ ਦੇ ਲਮਕਦੇ ਕਿਨਾਰੇ ਤੇ ਫਰਸ਼ ਤੇ ਰੱਖ ਦਿੱਤੇ ਤਾਂ ਕਿ ਪਰਦਾ ਹਿਲੇ ਨਾ। ਮਰਦ ਅਤੇ ਔਰਤਾਂ ਫਿਰ ਬੈਠ ਗਏ।

ਮੈਂ ਰੱਬ ਨੂੰ ਕਿਹਾ, ਕੀ ਹੁਣ ਪਰਦਾ ਹਿੱਲੇਗਾ ਨਹੀਂ?"

ਰੱਬ ਬੋਲਿਆ,"ਤੇਰਾ ਕੀ ਖਿਆਲ ਹੈ?

ਮੈਂ ਕਿਹਾ, ਜੇ ਹਨੇਰੀ ਚਲੀ।

ਅਤੇ ਪਾਰਟੀ ਚਲਦੀ ਰਹੀ।

ਰੱਬ ਬੋਲਿਆ, ਹਿਲੀ ਨਾ ਚੁਪ ਚਾਪ ਇਥੇ ਖੜੀ ਦੇਖਦੀ ਜਾ।

ਮੈਂ ਦੇਖਿਆ ਕਿ ਹਾਲ ਦੇ ਸਾਹਮਣੇ ਘਾਹ ਵਿਚ ਉੱਚੇ ਢੇਰਾਂ ਦੀਆਂ ਕਤਾਰਾਂ ਫੁਲਾਂ ਨਾਲ ਲਦੀਆਂ ਹੋਈਆਂ ਸਨ। ਢੇਰਾਂ ਦੇ ਉਪਰ ਸ਼ਾਨਦਾਰ ਸੰਗਮਰਮਰ ਦੀਆਂ ਉੱਚੀਆਂ ਲਾਠਾਂ ਵੀ ਸਨ।

ਮੈਂ ਰੱਬ ਨੂੰ ਪੁੱਛਿਆ, ਇਹ ਕੀ ਹਨ?

ਰੱਬ ਨੇ ਜੁਆਬ ਦਿੱਤਾ, ਇਹ ਮਰਿਆਂ ਹੋਇਆਂ ਦੀਆਂ ਕਬਰਾਂ ਹਨ।

ਰੱਬ ਨੇ ਕਿਹਾ, ਇਹਨਾਂ ਦੀਆਂ ਹੱਡੀਆਂ ਕੁਰਲਾਂਦੀਆਂ ਸਨ। ਇਸ ਕਰਕੇ ਜਿਹੜੇ ਲੋਕਾਂ ਨੇ ਇਹਨਾਂ ਨੂੰ ਮਾਰਿਆ ਸੀ ਉਹਨਾਂ ਲੋਕਾਂ ਨੇ ਮਿਟੀ ਦੇ ਉੱਚੇ ਡਿਗਾਂ ਤੇ ਉਪਰ ਭਾਰੀਆਂ ਲਾਠਾਂ ਰੱਖ ਦਿੱਤੀਆਂ ਸਨ ਤਾਂ ਕਿ ਇਹ ਮਰੇ ਹੋਏ ਲੋਕ ਉਠ ਨਾ ਖਲੋਣ।

ਮੈਂ ਰੱਬ ਕੋਲੋਂ ਪੁੱਛਿਆ, ਇਹ ਮਰੇ ਹੋਏ ਲੋਕ ਇਥੇ ਕਿਸ ਤਰਾਂ ਉਠ ਖਲੋਣਗੇ?

ਰੱਬ ਨੇ ਕਿਹਾ,"ਜਿਹੜੇ ਲੋਕਾਂ ਨੇ ਇਹਨਾਂ ਨੂੰ ਮਾਰਿਆ ਸੀ ਇਹ ਉਹਨਾਂ ਦਾ ਆਪਣਾ ਹੀ ਡਰ ਹੈ।

ਘਾਹ ਵਿਚ ਇਕ ਲਾਸ਼ ਮੈਂ ਦੇਖੀ ਅਤੇ ਰੱਬ ਨੂੰ ਪੁੱਛਿਆ, ਇਸਨੂੰ ਕਿਉ ਦਫ਼ਨ ਨਹੀਂ ਕੀਤਾ ਹੈ?

ਰੱਬ ਨੇ ਕਿਹਾ, ਇਹ ਕੱਲ ਹੀ ਇਥੇ ਸੁੱਟੀ ਹੈ ਅਤੇ ਜਦੋਂ ਮਾਸ ਹੱਡੀਆਂ ਨੂੰ ਛਡ ਦੇਵੇਗਾ ਇਸ ਨੂੰ ਵੀ ਦਫ਼ਨ ਕਰ ਦਿੱਤਾ ਜਾਵੇਗਾ ਅਤੇ ਉਪਰ ਫੁਲ ਉਗਾ ਦਿੱਤੇ ਜਾਣਗੇ।

ਮੈਂ ਰੱਬ ਨੂੰ ਕਿਹਾ, ਇਹ ਲੋਕ ਕਿਸ ਨੂੰ ਕਹਿ ਰਹਿ ਹਨ ਕਿ ਸਾਨੂੰ ਬਹੁਤ ਦੇਣਾ ਅਤੇ ਸ਼ਾਂਤੀ ਵੀ ਦੇਣਾ।

ਰੱਬ ਨੇ ਕਿਹਾ, ਮੈਂ ਜਾਣਦਾ ਹਾਂ ਇਹ ਕਿਸ ਨੂੰ ਕੈਂਹ ਰਹੇ ਹਨ?

ਉਹ ਲੋਕ ਛੱਤ ਵਲ ਦੇਖ ਰਹੇ ਸਨ ਪਰ ਰੱਬ ਬਾਹਰ ਧੁੱਪੇ ਲੇਟਿਆ ਹੋਇਆ ਸੀ¢ ਉਹ ਲੋਕ ਕਹਿੰਦੇ ਰਹੇ, 'ਪਿਆਰੇ ਰੱਬ' ਪਿਆਰੇ ਰੱਬ ! ਸਾਡੇ ਬਚਿਆਂ ਦੇ ਬਚੇ ਵੀ, ਰੱਬ ਜੀ, ਤੈਨੂੰ ਅਸੀਸਾਂ ਦਿਆ ਕਰਨਗੇ, ਦੇਣਗੇ ਤੈਨੂੰ।

ਮੈਂ ਰੱਬ ਨੂੰ ਕਿਹਾ, ਉਧਰ ਅੰਗੂਰ ਵੀ ਚਲਾ ਰਹਿ ਹਨ।

ਰੱਬ ਨੇ ਕਿਹਾ, ਮੈਂ ਉਹਨਾਂ ਨੂੰ ਵੀ ਸੁਣ ਰਿਹਾ ਹਾਂ। ਉਹਨਾਂ ਦਾ ਵੀ ਭਲਾ ਚਾਹੁੰਦਾ ਹਾਂ। ਇਹ ਤੇਰੀ ਸਮਝ ਤੋਂ ਬਾਹਰ ਦੀਆਂ ਗੱਲਾਂ ਹਨ।

ਪਾਰਟੀ ਫਿਰ ਸ਼ੁਰੂ ਹੋ ਗਈ। ਉਹ ਕਹਿਣ ਲਗੇ, ਰੱਬਾ ਸਾਨੂੰ ਹੋਰ ਸ਼ਰਾਬ ਦੇ—ਹੋਰ ਸ਼ਰਾਬ—ਸ਼ਰਾਬ—ਸ਼ਰਾਬ—ਜ਼ਿਆਦਾ ਸ਼ਰਾਬ-ਸ਼ਰਾਬ! ਸ਼ਰਾਬ!! ਸ਼ਰਾਬ!!! ਪਿਆਰੇ ਰੱਬ।

ਮਾਂਵਾਂ ਨੇ ਬਚਿਆਂ ਨੂੰ ਵੀ ਪਿਆਈ, ਬੰਦਿਆਂ ਨੇ ਔਰਤਾਂ ਦੇ ਬੁੱਲ੍ਹਾ ਨੂੰ ਕੱਪ ਫੜ ਕੇ ਲੱਗਾਏ ਅਤੇ ਕਿਹਾ, ਪਿਆਰੀਓਂ ਪੀਏ। ਔਰਤਾਂ ਨੇ ਮਰਦਾਂ ਨੂੰ ਸਰਾਹੀਆਂ ਸ਼ਰਾਬ ਨਾਲ ਭਰ ਕੇ ਦਿੱਤੀਆਂ ਅਤੇ ਪਾਰਟੀ ਚਲਦੀ ਰਹੀ।

ਪਰਦਾ ਜੋ ਘਰ ਦੇ ਪਿਛੇ ਸੀ ਨੂੰ ਮੈਂ ਹਿੱਲਦਾ ਦੇਖਿਆ। ਮੈਂ ਰੱਬ ਨੂੰ ਕਿਹਾ, "ਕੀ ਇਹ ਹਨੇਰੀ ਹੈ?

ਰੱਬ ਬੋਲਿਆ, "ਇਕ ਹਨੇਰੀ। ਫਿਰ ਮੈਂ ਪਰਦੇ ਦੇ ਨਾਲ ਮਰਦ ਅਤੇ ਆਦਮੀਆਂ ਨੂੰ ਆਪਸ ਨਾਲ ਚਿਪਕੇ ਹੋਏ ਦੇਖਿਆ। ਕੁਝ ਧੀਰੇ-ਧੀਰੇ ਗੱਲ੍ਹਾਂ ਕਰ ਰਹੇ ਸਨ। ਫਿਰ ਉਹਨਾਂ ਨੇ ਪੁਰਾਣੇ ਕੱਪ ਇਕੱਠੇ ਕੀਤੇ। ਉਹਨਾਂ ਵਿਚ ਬਚੀ ਹੋਈ ਸ਼ਰਾਬ ਪਾਈ।

ਮਾਵਾਂ ਬਚਿਆਂ ਨੂੰ ਕਹਿ ਰਹੀਆਂ ਸਨ, ਸਾਰੀ ਨਾ ਪੀ ਲਿਓ ਜੇ—ਥੋੜੀ ਬਚਾ ਲੈਣੀ।

ਮੈਂ ਰੱਬ ਨੂੰ ਕਿਹਾ, ਇੰਨੀ ਚੁਪ ਕਿਉਂ?

ਰੱਬ ਨੇ ਕਿਹਾ, ਉਹ ਪਰਦੇ ਦੇ ਦੂਸਰੇ ਪਾਸੇ ਪੀਣ ਗਏ ਹਨ ਜਿਥੋਂ ਸ਼ਰਾਬ ਆਉਂਦੀ ਹੈ ਅਤੇ ਉਹ ਪਿਆਸੇ ਹਨ।

"ਮੈਂ ਕਿਹਾ, ਅਜੇ ਵੀ ਕਸਰ ਹੈ!

ਪਾਰਟੀ ਚਲਦੀ ਰਹੀ। ਮੈਂ ਅਚਾਨਕ ਇਕ ਛੋਟਾ ਚਿਟਾ (ਬਿੰਨਾ ਖੂਨ ਦੇ) ਹੱਥ ਪਰਦੇ ਦੇ ਥੱਲਿਉਂ ਫਰਸ਼ ਤੇ ਮਟਕਿਆਂ ਵਲ ਨੂੰ ਆਉਂਦਾ ਦੇਖਿਆ ਅਤੇ ਮੈਂ ਰੱਬ ਨੂੰ ਕਿਹਾ, ਇਹ ਬਿਨਾਂ ਖੂਨ ਦੇ ਕਿਉ ਹੈ?

ਰੱਬ ਨੇ ਕਿਹਾ, ਇਸ ਨੂੰ ਸ਼ਰਾਬ ਨੇ ਦਬਾਇਆ ਹੋਇਆ ਹੈ।

ਆਦਮੀ ਹੱਥ ਦੇਖ ਕੇ ਘਬਰਾ ਕੇ ਉਠ ਖਲੋਤੇ, ਔਰਤਾਂ ਨੇ ਚੀਕ ਕੇ ਮਰਦਾਂ ਦੇ ਦੁਆਲੇ ਬਾਂਹਾਂ ਪਾ ਦਿੱਤੀਆਂ ਅਤੇ ਕਹਿ ਰਹੀਆਂ ਸਨ, ਮੇਰੇ, ਮੇਰੇ ਆਪਣੇ, ਮੇਰੇ ਪਰੇਮੀ! ਕਹਿੰਦੀਆਂ ਹੋਈਆਂ ਨੇ ਆਪਣੇ ਲੰਬੇ ਵਾਲਾਂ ਨੂੰ ਮਰਦਾਂ ਦੇ ਗਲਿਆਂ ਦੁਆਲੇ ਲਿਪਟਾ ਦਿੱਤਾ।

ਮੈਂ ਰੱਬ ਨੂੰ ਕਿਹਾ, ਇੰਨੇ ਛੋਟੇ ਹੱਥ ਤੋਂ ਇਹ ਲੋਕ ਕਿਉ ਘਬਰਾ ਗਏ ਹਨ?

ਰੱਬ ਨੇ ਕਿਹਾ, ਕਿਉ ਕੇ ਇਹ ਖੂਨ ਤੋਂ ਬਗੈਰ ਚਿਟਾ ਹੈ।

ਮਰਦ ਇਕੱਠੇ ਹੋ ਕੇ ਪਰਦੇ ਵਲ ਨੂੰ ਦੌੜੇ। ਮੈਂ ਉਹਨਾਂ ਨੂੰ ਫਰਸ਼ ਉਪਰ ਹੱਥ ਮਾਰਦੇ ਦੇਖਿਆ। ਪਰਦਾ ਹੌਲੇ-ਹੌਲੇ ਹਿੱਲਦਾ ਰਿਹਾ ਅਤੇ ਫਰਸ਼ ਤੇ ਕੁਝ ਦਾਗ਼ ਸਨ।

ਮੈਂ ਰੱਬ ਨੂੰ ਕਿਹਾ, ਇਹ ਦਾਗ਼ ਨੂੰ ਧੋ ਕਿਉ ਨਹੀਂ ਦਿੰਦੇ?

ਰੱਬ ਬੋਲਿਆ, ਇਹ ਨਹੀਂ ਧੋ ਸਕਦੇ।

ਅਜੇ ਵੀ ਪਾਰਟੀ ਚਲ ਰਹੀ ਸੀ।

ਮਰਦ ਅਤੇ ਔਰਤਾਂ ਵੱਡੇ-ਵੱਡੇ ਘੁਟ ਭਰ ਕੇ ਗਟਾਂ ਗਟ ਪੀ ਰਹੇ ਸਨ। ਕੁਝ ਇਕ ਦੂਜੇ ਦੇ ਗਲੇ ਵਿਚ ਬਾਂਹਾਂ ਪਾ ਕੇ ਨਾਚ ਅਤੇ ਗਾ ਰਹੇ ਸਨ। ਉਹਨਾਂ ਨੇ ਆਪਸ ਵਿਚ ਵਾਦੇ ਕੀਤੇ ਅਤੇ ਲਾਲ ਬੁੱਲਾਂ ਨੂੰ ਚੁੰਮਿਆ। ਰੰਗ ਰਲੀਆਂ ਹੋਰ ਵੱਧ ਗਈਆਂ।

ਆਦਮੀ ਪੀਂਦੇ ਰਹੇ ਜਦੋਂ ਤਕ ਉਹਨਾਂ ਦੀ ਬਸ ਨਹੀਂ ਹੋ ਗਈ ਅਤੇ ਫਿਰ ਪਿਆਲਿਆਂ ਨੂੰ ਛੱਤ ਵਲ ਨੂੰ ਵਗਾ ਮਾਰੇ ਜੋ ਟਨ-ਟਨ ਕਰਦੇ ਥੱਲੇ ਫਰਸ਼ ਤੇ ਡਿਗੇ। ਔਰਤਾਂ ਨੇ ਬਚਿਆਂ ਦੇ ਕੱਪੜੇ ਸ਼ਰਾਬ ਨਾਲ ਭਿਓ ਕੇ ਉਹਨਾਂ ਦੇ ਮੂੰਹਾਂ ਨੂੰ ਲਾਏ ਤਾਂ ਕਿ ਉਹ ਪੀ ਕੇ ਬੁਲੀਆਂ ਲਾਲ ਕਰ ਲੈਣ। ਕਈ ਵਾਰ ਲੋਕਮਟਕਿਆਂ ਨਾਲ ਟਕਰਾ ਕਿ ਉਹਨਾਂ ਨੂੰ ਉਲਟਾ ਦਿੰਦੇ ਅਤੇ ਉਹਨਾਂ ਦੇ ਚੋਲਿਆਂ ਤੇ ਧੱਬੇ ਪੈ ਜਾਂਦੇ। ਬਚੇ ਵੱਡੇ ਭਾਂਡਿਆਂ ਵਿਚ ਸ਼ਰਾਬ ਪਾ ਕੇ ਗੁਲਾਬ ਦੇ ਫੁਲਾਂ ਨੂੰ ਕਿਸ਼ਤੀਆਂ ਬਣਾ ਕੇ ਚਲਾਉਂਦੇ। ਆਪਣੇ ਹੱਥਾਂ ਨਾਲ ਸ਼ਰਾਬ ਦੇ ਬੁਲਬੁਲੇ ਉਡਾਉਂਦੇ।

ਰੰਗ ਰਲੀਆਂ ਮਨਾਉਣਾ ਹੋਰ ਵੱਧ ਗਿਆ, ਨਾਚ ਬੇਤੁਕਾ ਹੁੰਦਾ ਗਿਆ ਅਤੇ ਗਾਉਣਾ ਹੋਰ ਉੱਚਾ, ਉੱਚਾ ਹੋ ਗਿਆ। ਪਰ ਕੁਝ ਲੋਕ ਰੰਗ ਰਲੀਆਂ ਨਹੀਂ ਸਨ ਕਰ ਰਹੇ। ਕੁਝ ਲੋਕ ਕੂਹਣੀਆਂ ਮੇਜ਼ ਤੇ ਰੱਖੀ ਅਤੇ ਅੱਖਾਂ ਉਪਰ ਹੱਥਾਂ ਨਾਲ ਛੱਤ ਬਣਾ ਕਿ ਸ਼ਰਾਬ ਦੇ ਪਿਆਲਿਆਂ ਵਲ ਵੇਖ ਰਹੇ ਸਨ ਪਰ ਪੀ ਨਹੀਂ ਸੀ ਰਹੇ। ਇਕ ਨੇ ਕਿਸੇ ਦੇ ਮੋਢਿਆਂ ਨੂੰ ਛੂਹ ਕਿ ਉਠ ਕੇ ਨਾਚ ਅਤੇ ਗਾਉਣ ਦਾ ਇਸ਼ਾਰਾ ਕੀਤਾ। ਨੱਚੇ ਪਰ ਜਲਦੀ ਬੈਠ ਗਏ। ਸ਼ਰਾਬ ਦੇ ਪਿਆਲਿਆਂ ਵਲ ਤੱਕਿਆ ਜ਼ਰੂਰ ਪਰ ਪੀਤੀ ਨਾ।

ਇਕ ਔਰਤ ਨੂੰ ਮੈਂ ਵਖਰੀ ਬੈਠੀ ਦੇਖੀ। ਉਸ ਦੇ ਛੋਟੇ ਬਚਿਆਂ ਨੇ ਉਹਦਾ ਚੋਲਾ ਖਿੱਚਿਆ ਪਰ ਉਹ ਕੁਝ ਆਵਾਜ਼ ਸੁਣ ਰਹੀ ਸੀ ਅਤੇ ਹਿਲੀ ਨਾ।

ਰੰਗ ਰਲੀਆਂ ਹੋਰ ਵਧੀਆਂ। ਮਰਦਾਂ ਨੇ ਹੋਰ ਪੀਤੀ ਜਦੋਂ ਤਕ ਹੋਰ ਪੀ ਨਾ ਸਕੇ ਫਿਰ ਸਿਰ ਮੇਜ਼ ਤੇ ਰੱਖ ਕੇ ਸੌਂ ਗਏ। ਔਰਤਾਂ ਜੋ ਨਾਚ ਨਾ ਸਕੀਆਂ ਨੇ ਆਪਣਾ ਸਿਰ ਪਰੇਮੀਆਂ ਦੇ ਮੋਢਿਆਂ ਤੇ ਰੱਖ ਦਿੱਤਾ। ਛੋਟੇ ਬਚੇ ਸ਼ਰਾਬ ਤੋਂ ਬੇਆਰਾਮ ਹੋ ਕੇ ਆਪਣੀਆਂ ਮਾਂਵਾਂ ਦੇ ਚੋਲਿਆਂ ਦੇ ਕਿਨਾਰਿਆਂ ਉਪਰ ਲੇਟ ਗਏ। ਕਦੀ ਕੋਈ ਮਰਦ ਮੇਜ਼ਾਂ ਅਤੇ ਬੈਂਚਾਂ ਨੂੰ ਭੰਨਣ ਦੀ ਕੋਸ਼ਿਸ਼ ਕਰਦਾ। ਮਾਨੋ ਮੌਤ ਦੇ ਜੰਗਲੇ ਵਿਚ ਕੁਝ ਲੋਕ ਝੁਕੇ ਹੋਏਲਗ ਰਹੇ ਸਨ। ਇਧਰ ਉਧਰ ਕੋਈ ਮਟਕਿਆਂ ਨਾਲ ਜਾ ਕਿ ਵਜਦਾ ਅਤੇ ਨਾਲ ਹੀ ਢੇਰੀ ਹੋ ਜਾਂਦਾ। ਇਕ ਡਿਗੇ ਹੋਏ ਨੇ ਸ਼ਰਾਬ ਦੀ ਟੂਟੀ ਖੋਲੀ ਪਰ ਭਾਰੀ ਨੀਂਦ ਨਾਲ ਸੌਂ ਗਿਆ ਅਤੇ ਸ਼ਰਾਬ ਵਗਦੀ ਰਹੀ।

ਹੌਲੀ-ਹੌਲੀ ਲਾਲ ਸ਼ਰਾਬ ਵਗਦੀ ਹੋਈ ਚਿਟੇ ਸੰਗਮਰਮਰ ਉਪਰੋਂ ਚਲਦੀ ਹੋਈ ਹਾਲ ਤੋਂ ਬਾਹਰ ਜਾਣ ਵਾਲੀ ਪੌੜੀਆਂ ਤੋਂ ਥੱਲੇ ਨੂੰ ਜਾਂਦੀ ਹੋਈ ਮਿਟੀ ਵਿਚ ਮਿਲਦੀ ਗਈ। ਮਿਟੀ ਤੋਂ ਪਤਲਾ ਜਿਹਾ ਧੂੰਆਂ ਉਠ ਖਲੋਤਾ।

ਮੈਂ ਚੁਪ ਸੀ। ਸਾਹ ਵੀ ਲੈਣਾ ਔਖਾ ਸੀ। ਪਰ ਰੱਬ ਨੇ ਮੈਨੂੰ ਅਗੇ ਆਉਣ ਲਈ ਕਿਹਾ।

ਕੁਝ ਚਲਣ ਬਾਦ ਜਿਥੇ ਵੱਡੇ ਅਤੇ ਮਜ਼ਬੂਤ ਖੰਡਰ ਹੋਏ ਪਾਰਟੀ ਹਾਲਾਂ ਦੀਆਂ ਬਣੀਆਂ ਸਤ ਪਹਾੜੀਆਂ ਸਨ ਅਸੀਂ ਉਥੇ ਆ ਪਹੁੰਚੇ।

ਮੈਂ ਰੱਬ ਨੂੰ ਕਿਹਾ, ਲੋਕ ਜਿੰਨਾ ਨੇ ਇਹਨਾਂ ਨੂੰ ਬਣਾਇਆ ਉਹ ਕੀ ਕਰਦੇ ਹੁੰਦੇ ਸੀ ਇਥੇ?

ਰੱਬ ਬੋਲਿਆ, "ਪਾਰਟੀ।

ਮੈਂ ਕਿਹਾ, ਕਾਹਦੀ।

ਰੱਬ ਨੇ ਕਿਹਾ, ਸ਼ਰਾਬ ਦੀ।

ਅਤੇ ਮੈਂ ਦੇਖਿਆ; ਲਗਦਾ ਸੀ ਕਿ ਖੰਡਰਾਂ ਦੇ ਪਿਛੇ ਇਕ ਵੱਡੀ ਲਾਠ

ਜਿਥੇ ਕੇ ਸ਼ਰਾਬ ਦੀ ਮਿਲ ਹੁੰਦੀ ਹੋਵੇਗੀ ਖੜ੍ਹੀ ਹੈ।

ਰੱਬ ਬੋਲਿਆ, ਕਿਉਂਕਿ ਇਸ ਦੀ ਨੀਂਹ ਸ਼ਰਾਬ ਨਾਲ ਦਲਦਲ ਹੋ ਚੁਕੀ ਸੀ।

ਆਖਰ ਅਸੀਂ ਇਕ ਪਹਾੜ ਕੋਲ ਆਏ ਜਿਥੇ ਨੀਲੇ ਰੰਗ ਦਾ ਪਾਣੀ ਖੇਡਾਂ ਕਰ ਰਿਹਾ ਸੀ ਅਤੇ ਚਿਟੇ ਸੰਗਮਰਮਰ ਧਰਤੀ ਉਪਰ ਪਏ ਸਨ।ਮੈਂ ਰੱਬ ਨੂੰ ਪੁੱਛਿਆ, ਇਥੇ ਕਦੀ ਕੀ ਸੀ?

ਮੈਂ ਰੱਬ ਨੂੰ ਕਿਹਾ, ਇਹ ਵੱਡਾ ਘਰ ਕਿਸ ਤਰ੍ਹਾਂ ਡਿਗ ਪਿਆ?

ਰੱਬ ਨੇ ਹੋਰ ਅਗੇ ਆਉਣ ਲਈ ਮੈਨੂੰ ਕਿਹਾ।

ਰੱਬ ਬੋਲਿਆ, ਐਸ਼ ਕਰਣ ਦਾ ਘਰ।

ਮੈਂ ਆਪਣੇ ਬਹੁਤ ਨੇੜੇ ਹੀ ਵੱਡੀਆਂ ਲਾਠਾਂ ਦੇਖੀਆਂ।ਮੈਂ ਖੁਸ਼ੀ ਨਾਲ ਉੱਚੀ ਚੀਕੀ, ਰੱਬ ਜੀ! ਸੰਗਮਰਮਰ ਵੀ ਖਿੜਦਾ ਅਤੇ ਮਹਿਕਦਾ ਹੈ!

ਰੱਬ ਨੇ ਕਿਹਾ, ਇਹ ਅਪਸਰਾ ਦਾ ਕਦੀ ਘਰ ਹੁੰਦਾ ਸੀ। ਇਹੋ ਜਿਹਾ ਨਾ ਇਥੇ ਕੋਈ ਹੈ ਅਤੇ ਨਾ ਕਦੀ ਹੋਵੇਗਾ। ਲਾਠਾਂ ਅਤੇ ਡਿਉੜੀਆਂ ਖਿੜਦੀਆਂ ਸਨ ਅਤੇ ਸ਼ਰਾਬ ਦੇ ਪਿਆਲੇ 'ਚੋ-ਨਿੰਦੇ ਫੁਲਾਂ ਦੇ ਸਨ। ਇਸ ਦੇ ਸਾਰੇ ਪਰਦੇ ਸੁੰਦਰ ਕਢਾਈ ਵਾਲੇ ਅਤੇ ਸੋਨੇ ਦੇ ਧਾਗਿਆਂ ਨਾਲ ਸੀਤੇ ਹੋਏ ਸਨ।

ਮੈਂ ਰੱਬ ਨੂੰ ਕਿਹਾ, ਇਹ ਡਿਗ ਕਿਸ ਤਰ੍ਹਾਂ ਗਿਆ?

ਰੱਬ ਬੋਲਿਆ, ਸ਼ਰਾਬ ਕੱਢਣ ਵਾਲੀ ਉੱਚੀ ਮਿਲ ਇਸ ਉਪਰ ਡਿਗੀ ਸੀ।

ਚਲਦੇ-ਚਲਦੇ ਅਸੀਂ ਰੇਤ ਦੇ ਉੱਚੇ ਟਿੱਲਿਆਂ ਕੋਲ ਆ ਗਏ ਅਤੇ ਜਿਥੇ ਕਾਲਾ ਦਰਿਆ ਵਗਦਾ ਸੀ।ਉਥੇ ਦੋ ਹੋਰ ਬਹੁਤ ਵੱਡੇ ਟਿੱਲੇ ਸਨ।

ਮੈਂ ਰੱਬ ਨੂੰ ਕਿਹਾ, ਇਹ ਬਹੁਤ ਵੱਡੇ ਹਨ।

ਰੱਬ ਬੋਲਿਆ, ਹਾਂ ਬਹੁਤ ਵੱਡੇ।

ਮੈਂ ਕੁਝ ਸੁਣਿਆ ਅਤੇ ਰੱਬ ਨੇ ਪੁੱਛਿਆ, ਕੀ ਸੁਣ ਰਹੀ ਹੈਂ।

ਅਤੇ ਮੈਂ ਕਿਹਾ, ਰੋਣ ਦੀ ਆਵਾਜ਼ ਅਤੇ ਟਨ-ਟਨ ਆ ਰਹੀ ਹੈ ਪਰ ਪਤਾ ਨਹੀਂ ਕਿਧਰੋਂ।

ਰੱਬ ਨੇ ਕਿਹਾ, ਇਹ ਸ਼ਰਾਬ ਕੱਢਣ ਵਾਲੀ ਮਸ਼ੀਨ ਦੀ ਅਵਾਜ਼ ਅਜੇ ਵੀ ਉੱਚੀਆਂ ਪਹਾੜੀਆਂ ਤੋਂ ਟਕਰਾਅ ਕੇ ਗੂੰਜ ਬਣ ਕੇ ਆ ਰਹੀ ਹੈ। ਇਥੇ ਪਾਰਟੀ ਹਾਲ ਹੁੰਦਾ ਸੀ।

ਰੱਬ ਨੇ ਮੈਨੂੰ ਅਗੇ ਆਉਣ ਲਈ ਕਿਹਾ।

ਰੱਬ ਨੇ ਮੈਨੂੰ ਬੰਜਰ ਪਹਾੜੀ ਵਾਲੇ ਪਾਸੇ ਜਿਥੇ ਧਰਤੀ ਵੀਰਾਨ ਸੀ ਚੁਪ-ਚਾਪ ਖਲੋਣ ਲਈ ਕਿਹਾ।

ਰੱਬ ਬੋਲਿਆ, ਇਥੋਂ ਸਭ ਇਕ ਦੂਜੇ ਤੇ ਉਤੇ ਟਿਕਾਏ ਪੱਥਰ ਥੱਲੇ ਸੁੱਟੇ ਗਏ ਸਨ।

ਮੈਂ ਆਲੇ ਦੁਆਲੇ ਦੇਖਿਆ ਅਤੇ ਮੈਨੂੰ ਇਕ ਇਕੱਲੀ ਕਬਰ ਨਜ਼ਰ ਆਈ।

ਰੱਬ ਨੇ ਕਿਹਾ ਇਸ ਕਬਰ ਵਿਚ ਦਫ਼ਨ ਕੀਤਾ ਸੀ, ਇਕ ਅੰਗੂਰ ਦੀ ਵੱਡੀ ਵੇਲ ਵਾਸਤੇ ਟੇਕ ਯਾ ਢਾਂਚਾ ਸੀ ਜੋ ਕਿ ਸ਼ਰਾਬ ਕੱਢਣ ਵਾਲੀ ਮਸ਼ੀਨ ਨਾਲ ਚੋਟ ਲਗਣ ਕਰਕੇ ਟੇਢਾ ਹੋ ਗਿਆ ਸੀ!

ਕਬਰ ਦੇ ਸਿਰੇ ਉਪਰ ਈਸਾਈ ਧਰਮ ਦਾ ਨਿਸ਼ਾਨ ਸੀ ਅਤੇ ਇਹਦੇ ਪੈਰਾਂ ਵਲ ਕੰਡਿਆਂ ਦਾ ਤਾਜ।ਮੈਂ ਮੁੜੀ ਵਾਪਸ ਜਾਣ ਲਈ ਅਤੇ ਦੇਖਿਆ ਕਿ ਸ਼ਰਾਬ ਕੱਢਣ ਵਾਲੀ ਮਸ਼ੀਨ ਅਤੇ ਪਾਰਟੀ ਹਾਲ ਡਿਗ ਹੋਏ ਸਨ ਪਰ ਕਬਰ ਮੌਜੂਦ ਸੀ। ਜਦੋਂ ਮੈਂ ਇਕ ਲੰਬੀ ਢਿੱਗ ਦੇ ਕਿਨਾਰੇ ਪਹੁੰਚੀ ਤਾਂ ਮੇਰੇ ਸਾਹਮਣੇ ਇਕ ਖੁੱਲ੍ਹਾ ਰੇਤ ਦਾ ਮੈਦਾਨ ਆਇਆ। ਥੱਲੇ ਪੱਥਰ ਖਿਲਰੇ ਹੋਏ ਜੋ ਅਧ ਤਕ ਰੇਤ ਵਿਚ ਦਬੇ ਹੋਏ ਸਨ।

ਮੈਂ ਥੱਕ ਗਈ ਸੀ। ਕੋਈ ਹੋਰ ਸਵਾਲ ਨਾ ਪੁੱਛਿਆ। ਮੈਂ ਅੱਖਾਂ ਨੂੰ ਹੱਥ ਦੀ ਛੱਤ ਬਣਾ ਕਿ ਕੱਜ ਲਿਆ ਅਤੇ ਗੁਲਾਬੀ ਸ਼ਾਮ ਦੀ ਰੌਸ਼ਨੀ ਦੇਖੀ।

ਮੈਂ ਰੱਬ ਨੂੰ ਕਿਹਾ, ਪੱਥਰਾਂ ਤੇ ਕੁਝ ਲਿਖਿਆ ਹੈ ਪਰ ਮੈਂ ਪੜ੍ਹ ਨਹੀਂ ਸਕਦੀ।

ਰੱਬ ਨੇ ਫੂਕ ਮਾਰ ਕੇ ਮਾਰੂ ਥਲ ਦੀ ਰੇਤ ਉਡਾ ਕਿ ਇਕ ਪਾਸੇ ਕਰ ਦਿੱਤੀ ਅਤੇ ਮੈਂ ਪੜ੍ਹਿਆ,"ਤੱਕੜੀ ਤੇ ਤੋਲਿਆ ਅਤੇ ਪਾਇਆ--- "ਆਖਰ ਵਾਲਾ ਲਫ਼ਜ਼ ਗ਼ੈਬ ਸੀ। ਮੈਂ ਕਿਹਾ,"ਇਹ ਲਫ਼ਜ਼ ਕੀ ਸੀ। ਰੱਬ ਜੀ ਨਾ ਬੋਲੇ।

ਦੂਰ ਰੇਤ ਉਪਰ ਦੋ ਜਣੇ ਖਲੋਤੇ ਦੇਖੇ। ਉਹ ਨਾ ਇਨਸਾਨ ਨਾ ਪੰਛੀ ਸਨ। ਖੰਭ ਖਿਲਾਰ ਸਿਰਾਂ ਤੋਂ ਉਪਰ ਵਲ ਅਤੇ ਚੇਹਰੇ ਕਠੋਰ ਸਖ਼ਤ ਦਿਲਾਂ ਵਾਲੇ ਅਤੇ ਮਾਰੂਥਲ ਦੀ ਰੇਤ ਦੇ ਦੂਰ ਕੁਝ ਦੇਖ! ਦੇਖ! ਦੇਖੀ ਜਾ ਰਹੇ ਸਨ!

ਮੈਂ ਰੱਬ ਨੂੰ ਨਾ ਪੁੱਛਿਆ ਉਹ ਕੀ ਹਨ? ਅਤੇ ਮੈਂ ਦੂਰ, ਹੋਰ ਦੂਰ ਸ਼ਾਮ ਦੀ ਲੋਅ ਨੂੰ ਬੜੀ ਦੇਰ ਦੇਖਦੀ ਰਹੀ।

ਬਹੁਤ ਦੂਰ ਜਿਥੇ ਰੇਤ ਘਣੀ ਅਤੇ ਭਾਰੀ ਸੀ, ਮੈਂ ਇਕ ਇਕੱਲੀ ਲਾਠ ਖੜੀ ਦੇਖੀ; ਤਾਜ ਡਿਗ ਕੇ ਰੇਤ ਨਾਲ ਦੱਬ ਗਿਆ ਸੀ। ਟੂਟੀ ਹੋਈ ਲਾਠ ਉਪਰ ਮਾਰੂਥਲ ਦਾ ਭੂਰੇ ਰੰਗ ਦਾ ਉੱਲੂ ਖੰਭ ਲਪੇਟੀ ਬੈਠਾ ਹੋਇਆ ਸੀ ਅਤੇ ਸ਼ਾਮ ਦੀ ਲੋਅ ਵਿਚ ਇਕ ਰੇਗਿਸਤਾਨ ਲੂੰਬੜੀ ਕੋਲੋਂ ਲੰਘ ਰਹੀ ਸੀ ਆਪਣੀ ਪੂਛ ਨੂੰ ਰੇਤ ਉਪਰ ਘਿਸਰਦੀ ਹੋਈ। ਹੋਰ ਦੂਰ, ਦੂਰ ਰੇਤ ਦੇ ਉੱਚੇ ਢਿੱਗ ਸਨ ਜਿੰਨਾਂ ਦੇ ਹੇਠ ਕੁਝ ਦੱਬਿਆ ਲੱਗਦਾ ਸੀ।

ਮੈਂ ਰੱਬ ਅਗੇ ਚਿਲਲਾਈ, ਉ! ਮੈਂ ਬਹੁਤ ਥੱਕ ਗਈ ਹਾਂ।

ਰੱਬ ਬੋਲਿਆ, ਤੂੰ ਤੇ ਸਿਰਫ ਅੱਧਾ ਹੀ ਨਰਕ ਦੇਖਿਆ ਹੈ।

ਮੈਂ ਰੱਬ ਨੂੰ ਕਿਹਾ,"ਮੈਂ ਹੋਰ ਨਹੀਂ ਦੇਖ ਸਕਦੀ। ਮੈਂ ਨਰਕ ਤੋਂ ਡਰ ਗਈ ਹਾਂ। ਕੀ ਪਤਾ ਕਿਸੇ ਨੇ ਰਸਤੇ ਵਿਚ ਡੂੰਗਾ ਸੌੜਾ ਖੱਡਾ ਖੋਦਿਆ ਹੋਵੇ ਜਿਸ ਵਿਚ ਮੈਂ ਡਿਗ ਪਵਾਂ। ਜੇ ਮੈਂ ਕਿਸੇ ਫਲ ਨੂੰ ਖਾਣਾ ਵੀ ਚਾਹਾਂ ਕੀ ਪਤਾ ਕਿਸੇ ਨੇ ਇਸ ਨੂੰ ਚੁੰਮ ਕੇ ਇਸ ਵਿਚ ਜ਼ਹਿਰ ਨਾ ਭਰ ਦਿੱਤਾ ਹੋਵੇ। ਜੇ ਮੈਂ ਮੈਦਾਨਾਂ ਵਲ ਦੇਖਦੀ ਹਾਂ ਤਾਂ ਮੈਨੂੰ ਰੇਤ ਦੇ ਢਿੱਗ ਕਬਰਾਂ ਨਜ਼ਰ ਆਉਂਦੇ ਹਨ ਅਤੇ ਜਦੋਂ ਮੈਂ ਪੱਥਰਾਂ ਵਿਚੋਂ ਲੰਘਦੀ ਹਾਂ ਤਾਂ ਮੈਨੂੰ ਉਹ ਉੱਚੀ ਕੁਰਲਾਂਦੇ ਹੋਏ ਸੁਣਾਈ ਦਿੰਦੇ ਹਨ। ਜਦੋਂ ਮੈਂ ਆਦਮੀਆਂ ਨੂੰ ਨਾਚ ਕਰਦੀ ਦੇਖਦੀ ਹਾਂ ਤਾਂ ਮੈਂ ਉਹਨਾਂ ਨੂੰ ਸਿਸਕੀਆਂ ਲੈਂਦੇ ਹੋਏ ਸੁਣਦੀ ਹਾਂ ਅਤੇ ਉਹਨਾਂ ਦੀ ਸ਼ਰਾਬ ਜਿੰਦਾ ਦਿਸਦੀ ਹੈ! ਉ! ਮੈਂ ਨਰਕ ਨਹੀਂ ਦੇਖ ਸਕਦੀ!

ਰੱਬ ਬੋਲਿਆ, ਫਿਰ ਕਿਥੇ ਜਾਵੇਂਗੀ ਤੂੰ?

ਮੈਂ ਕਿਹਾ, ਧਰਤੀ ਤੇ ਜਿਥੋਂ ਮੈਂ ਆਈ ਹਾਂ।ਉਹ ਜਗ੍ਹਾ ਚੰਗੀ ਹੈ।

ਅਤੇ ਰੱਬ ਮੇਰੇ ਤੇ ਹੱਸਿਆ ਪਰ ਮੈਨੂੰ ਸਮਝ ਨਾ ਆਈ ਕਿਉ ਰੱਬ ਜੀ ਹੱਸੇ ਹਨ।

ਰੱਬ ਜੀ ਬੋਲੇ, ਆ ਬਾਲਕਾ ਮੈਂ ਤੈਨੂੰ ਸਵਰਗ ਦਿਖਾਂਦਾ ਹਾਂ।

ਮੈਂ ਰੱਬ ਨੂੰ ਕਿਹਾ, ਹੁਣ ਨਹੀਂ।ਮੈਨੂੰ ਨੀਂਦਰ ਆ ਰਹੀ ਹੈ।

# ਕਿਤੇ ਮਾਰੂਥਲ ਨਾ ਬਣ ਜਾਏ ਪੰਜਾਬ

ਡਾ. ਸੁਰਿੰਦਰ ਮੰਡ

ਧਰਤੀ ਉਤੇ ਮੌਜੂਦਾ ਕੁਦਰਤ ਦੀਆਂ ਸਾਰੀਆਂ ਨਿਆਮਤਾਂ ਬੰਦੇ ਲਈ ਰਹਿਮਤ ਹਨ। ਸਾਰੇ ਜੀਵ, ਸੰਸਾਰ ਅਤੇ ਰੁੱਖ ਬੂਟਿਆਂ ਦੇ ਨਾਲ ਸਾਂਝੀ ਰਹਿਮਤ। ਇਹ ਹਰਕਤਾਂ ਇਨਸਾਨਾਂ, ਜੀਵਾਂ ਅਤੇ ਬਨਸਪਤੀ ਦੇ ਸੂਝ-ਬੂਝ ਨਾਲ ਵਰਤਣ ਲਈ ਨੇ। ਇਹ ਇਕੱਲੇ ਬੰਦਿਆਂ ਵੱਲੋਂ ਇਨ੍ਹਾਂ ਉਤੇ ਕਬਜ਼ਾ ਕਰਕੇ ਇਸ ਨੂੰ ਚਟਮ ਕਰ ਜਾਣ ਲਈ ਨਹੀਂ - ਤੇ ਉਹ ਵੀ ਚੰਦ ਬੰਦਿਆਂ ਵੱਲੋਂ। ਧਰਤੀ ਦੇ ਗਰਭ ਵਿਚ ਅਤੇ ਕੁੱਛੜ ਜੋ ਵੀ ਹੈ ਸਭ ਦਾ ਸਾਂਝਾ ਹੈ।

ਇਨਸਾਨ ਕੋਲ ਅਸਾਧਾਰਨ ਦਿਮਾਗ਼ੀ ਸਮਰੱਥਾ ਹੈ, ਪਰ ਇਸ ਨੇ ਇਸ ਦੀ ਵਰਤੋਂ ਚੰਗਿਆਈ ਤੇ ਰੌਸ਼ਨੀ ਫੈਲਾਉਣ ਲਈ ਓਨੀ ਨਹੀਂ ਕੀਤੀ, ਜਿੰਨੀ ਲਾਲਚ, ਨਿੱਜ ਸਵਾਰਥ ਅਤੇ ਕਾਬਜ਼ ਹੋ ਜਾਣ ਲਈ ਕੀਤੀ ਹੈ। ਇਸਦੀ ਇੰਤਹਾ ਹੈ ਕਿ ਇਹ ਧਰਤੀ ਵਿਚੋਂ ਪੈਦਾ ਹੋਇਆ, ਉਸ ਦੀਆਂ ਬੁਨਿਆਦਾਂ ਅਤੇ ਤਲਾ-ਮੂਲ ਹੀ ਛਕ ਜਾਣ ਦੇ ਰਾਹ ਪੈ ਤੁਰਿਆ ਹੈ। ਇਸ ਰਾਹੇ ਤੁਰਨ ਤੋਂ, ਸਭ ਤੋਂ ਪਹਿਲਾਂ ਆਪਣੇ ਅੰਦਰਲੀ ਕੁਦਰਤੀ ਸੂਝ-ਬੂਝ ਨੇ ਰੋਕਣਾ ਸੀ ਪਰ ਉਸਨੂੰ ਇਸਦਾ ਸਵਾਰਥ ਅਤੇ ਲਾਲਚ ਖਾ ਗਿਆ ਹੈ। ਦੂਜਾ ਰੋਕਣਾ ਸੀ, ਸਰਕਾਰ ਵਰਗੀ ਕਿਸੇ ਸ਼ੈਅ ਨੇ। ਪਰ ਜੇ ਸਰਕਾਰਾਂ ਚੱਜ ਦੀਆਂ ਹੁੰਦੀਆਂ ਤਾਂ ਧਰਤੀ ਦਾ ਇਹ ਹਾਲ ਨਾ ਹੁੰਦਾ। ਇਹਨਾਂ ਨੇ ਕਰਤੱਬੀਂ ਹੀ ਤਾਂ ਹੋਇਆ ਧਰਤੀ ਦਾ ਇਹ ਹਾਲ—ਤੇ ਤੀਜੀ ਇਕ ਹੋਰ ਧਿਰ ਵੀ ਹੋਣੀ ਚਾਹੀਦੀ ਸੀ ਵਰਜਣ ਵਾਲੀ, ਧਰਮ ਦੀ ਸਮਝ ਰੱਖਣ ਵਾਲੇ ਲੋਕ। ਇਨ੍ਹਾਂ ਲੋਕਾਂ ਨੇ ਧਰਤੀ ਅਤੇ ਇਸ ਉਤਲੇ ਜੀਵਨ ਨਾਲੋਂ ਮਰਨ ਤੋਂ ਬਾਅਦ ਦੀਆਂ ਗੱਲਾਂ ਦੀ ਦੁਹਾਈ ਪਾਈ ਹੈ! ਮੌਤੋਂ ਬਾਅਦ ਦੀ ਕਮਾਈ ਵਰਗੀ 'ਸਿੱਖਿਆ' ਦੇ ਦੇ ਕੇ ਭੋਲੇ ਭਾਲੇ ਲੋਕਾਂ ਦੀ ਇਸ ਜਨਮ ਦੀ ਕਮਾਈ ਨੂੰ ਗੜੱਵੂੰ ਕਰਕੇ ਇਹ ਆਪਣਾ ਜਨਮ ਤਾਂ 'ਸਫਲਾ' ਕਰੀ ਬੈਠੇ ਹਨ। ਟਾਵੇਂ ਵਿਰਲੇ ਬਲਬੀਰ ਸਿੰਘ ਸੀਚੇਵਾਲ ਵਰਗੇ ਯਤਨਾਂ ਨੂੰ ਛੱਡ ਕੇ ਧਰਤੀ ਲਵਾਰਿਸ ਨਜ਼ਰ ਆਉਂਦੀ ਹੈ। ਇਨਸਾਨ ਜੋਕ ਵਾਂਗੂੰ ਚਿੰਬੜਿਆ ਇਸ ਨੂੰ ਅੰਦਰੋਂ ਚੂਸ ਜਾਣ ਲਈ ਪੱਬਾਂ ਭਾਰ ਹੈ। ਆਪਣੇ ਆਪ ਬਾਰੇ ਵੀ ਬੇਲਿਹਾਜ਼ੇ ਹੋ ਕੇ ਪੜਚੋਲ ਕਰਨ ਦਾ ਸਮਾਂ ਹੈ ਹੁਣ।

ਸਿਰਫ਼ ਤਿੰਨ ਕਿਸਮ ਦਾ ਪਾਣੀ ਹੈ, ਜਿਸਨੂੰ ਪੀਣ-ਨਹਾਉਣ-ਧੋਣ ਅਤੇ ਸਿੰਜਣ ਲਈ ਵਰਤ ਸਕਦੇ ਹਨ। ਧਰਤੀ ਹੇਠਲਾ, ਬਰਫ਼ ਪਿਘਲ ਕੇ ਤੇ ਚਸਮਿਆਂ-ਝਰਨਿਆਂ 'ਚੋਂ ਆਇਆ ਦਰਿਆਵਾਂ ਦਾ ਪਾਣੀ ਅਤੇ ਤੀਜਾ ਮੀਂਹ ਦਾ ਸੰਭਾਲਿਆ ਪਾਣੀ। ਇਸ ਵਕਤ ਸਾਰਾ ਸੰਸਾਰ ਹੀ ਪਾਣੀ ਦੇ ਸੰਕਟ ਦੇ ਬਰੂਹੀਂ ਆ ਪੁੱਜਣ ਉਤੇ ਫਿਕਰਾਂ 'ਚ ਡੁੱਬਾ ਹੈ ਤੇ ਉਚਿਤ ਫੈਸਲੇ ਲੈ ਰਿਹਾ ਹੈ। ਆਪਾਂ ਵੀ ਆਪਣੇ ਸੋਹਣੇ ਪੰਜਾਬ ਦੀ ਇਸ ਪੱਖੋਂ ਗੱਲ ਕਰੀਏ ਜਿਹੜਾ ਇਸ ਵਕਤ ਧਰਤੀ ਹੇਠਲੇ ਪਾਣੀ ਦਾ ਕਾਲ ਪੈ ਜਾਣ ਦੀਆਂ ਬਰੂਹਾਂ ਉਤੇ ਖੜ੍ਹਾ ਹੈ ਅਤੇ ਜਿਹੜੀ ਗਲੋਬਲ ਵਾਰਮਿੰਗ ਕਾਰਨ ਆਉਣ ਵਾਲੇ 30 ਸਾਲਾਂ ਵਿਚ ਉਪਰ ਵਗਦੇ ਦਰਿਆਈ ਪਾਣੀਆਂ ਦੇ ਖਤਰਨਾਕ ਹੱਦ ਤੀਕ ਘਟ ਜਾਣ ਦੀ ਭਵਿੱਖਬਾਣੀ ਹੈ, ਉਸਨੂੰ ਵੇਖਣ ਵਾਲੀ ਅੱਖ ਪੰਜਾਬੀਆਂ ਕੋਲ ਕਿੱਥੇ! ਇਨ੍ਹਾਂ ਨੂੰ ਤਾਂ ਆਪਣੇ ਸੁੱਕੇ ਨਲਕੇ ਨਜ਼ਰ ਨਹੀਂ ਆਉਂਦੇ।



ਪੰਜਾਬ 'ਚ ਪਾਣੀ ਦਾ ਪੱਧਰ ਜਿਸ ਖਤਰਨਾਕ ਹੱਦ ਤੀਕ ਥੱਲੇ ਧੱਕ ਦਿੱਤਾ ਗਿਆ ਹੈ, ਉਸ ਦੇ ਉਪਰ ਆਉਣ ਦੀ ਸੰਭਾਵਨਾ ਨਹੀਂ। ਸਾਡੀ ਪੀੜ੍ਹੀ ਆਪਣੇ ਪੁੱਤਰਾਂ, ਧੀਆਂ ਅਤੇ ਅਗਲੀਆਂ ਨਸਲਾਂ ਦੇ ਮੂੰਹਾਂ 'ਚੋਂ ਪਾਣੀ ਖੋਹ ਲੈਣ ਲਈ ਗੁਨਾਹਗਾਰ ਹੈ। ਚਲੋ ਵਿਚਾਰਦੇ ਹਾਂ ਕਿ ਮੋੜਾ ਕਿੰਜ ਪੈ ਸਕਦਾ ਹੈ। ਨਿਰਾ ਰੁਦਨ ਕੀਤਿਆਂ ਇਥੇ ਕੁਝ ਨਹੀਂ ਹੋਣਾ।

ਮੀਂਹ ਤਾਂ ਪੰਜਾਬ ਵਿਚ ਗੁਜ਼ਾਰੇ-ਮਾਤਰ ਪੈਂਦਾ ਹੈ, ਪ੍ਰੰਤੂ ਇਸ ਅਸਮਾਨੀ ਅੰਮ੍ਰਿਤ ਦੀਆਂ ਬੂੰਦਾਂ ਨੂੰ ਸਹੀ ਥਾਵਾਂ ਉਤੇ ਸੰਭਾਲਣ ਦੀ ਨਾ ਇਥੇ ਕੋਈ ਸੋਚ ਹੈ ਤੇ ਨਾ ਹੀ ਯਤਨ। ਪਾਣੀ ਰੁੜ੍ਹ ਕੇ ਔਹ ਜਾਂਦਾ ਹੈ। ਜਿਹੜੇ ਨੀਵੇਂ ਥਾਵਾਂ ਟੋਭਿਆਂ ਵਿਚ ਪਾਣੀ ਇਕੱਠਾ ਹੁੰਦਾ ਵੀ ਹੈ, ਉਥੇ ਵੀ ਉਸ ਨੂੰ ਗੰਦਗੀ ਤੋਂ ਬਚਾਉਣ ਦੀ ਸਮਝ ਕੋਈ ਨਹੀਂ।

ਸਾਡੇ ਹੱਥੋਂ ਪਲੀਤ ਹੋਏ ਰੋਂਦੇ ਦਰਿਆਵਾਂ ਦੇ ਹੰਝੂ ਵੇਖਣ ਵਾਲੀ ਬੰਦੇ ਕੋਲ ਅੱਖ ਨਹੀਂ। ਸਾਡੇ ਸਾਰੇ ਦਰਿਆਵਾਂ ਵਿਚ ਕੰਢੇ ਵੱਸੇ ਸ਼ਹਿਰਾਂ ਦਾ ਮਲ-ਮੂਤਰ ਸ਼ਾਮਲ ਹੈ। ਜੇ ਐਸਾ ਨਾ ਹੁੰਦਾ ਤਾਂ ਭਾਵੇਂ ਉਸ ਪਾਣੀ ਨੂੰ ਸਿੱਧਾ ਹੀ ਪੀ ਲਿਆ ਜਾਂਦਾ ਤੇ ਸਾਡਾ ਹੇਠਲਾ ਪਾਣੀ ਅਗਲੀਆਂ ਪੀੜ੍ਹੀਆਂ ਲਈ ਬਚ ਜਾਂਦਾ। ਵੈਨਕੂਵਰ (ਕੈਨੇਡਾ) ਸ਼ਹਿਰ ਅਤੇ ਉਸ ਦੇ ਨਾਲ ਲੱਗਦੇ ਸ਼ਹਿਰਾਂ ਲਈ ਇਵੇਂ ਕੁਦਰਤੀ ਪਾਣੀ ਵਰਦਾਨ ਬਣਿਆ ਮੈਂ ਅੱਖੀਂ ਵੇਖਿਆ ਹੈ। ਗੋਰਿਆਂ ਨੂੰ ਗਾਲ੍ਹਾਂ ਈ ਨਾ ਨਿਰੀਆਂ ਕੱਢੀ ਜਾਈਏ, ਉਨ੍ਹਾਂ ਦੀ ਚੰਗੀ ਗੱਲ ਲੜ ਬੰਨ੍ਹੀਏ।

ਲੁਧਿਆਣਾ ਸ਼ਹਿਰ ਦੇ ਸਾਰੇ ਗੰਦ ਨੂੰ ਦਰਿਆ ਸਤਲੁਜ ਵਿਚ ਹਰੀਕੇ ਵਗਦਾ ਵੇਖ ਕੇ ਕਿਸੇ ਗੰਦੇ ਨਾਲੇ ਦਾ ਭੁਲੇਖਾ ਪੈਂਦਾ ਹੈ। ਵੋਟਾਂ ਦੀਆਂ ਗਿਣਤੀਆਂ-ਮਿਣਤੀਆਂ ਵਿਚ ਉਲਝੀਆਂ ਲੋਕਰਾਜੀ ਕਹਾਉਂਦੀਆਂ ਸਰਕਾਰਾਂ ਇਸ ਕਾਬਲ ਨਹੀਂ ਰਹੀਆਂ ਕਿ ਕੁਦਰਤੀ, ਧਰਤੀ ਜਾਂ ਸਮੁੱਚੀ

ਇਨਸਾਨੀਅਤ ਦੇ ਭਲੇ ਹਿੱਤ ਕੋਈ ਦਲੇਰ ਫੈਸਲਾ ਲੈ ਸਕਣ। ਪੰਜਾਬ ਦੇ ਦਰਿਆਈ ਪਾਣੀਆਂ ਦਾ ਰਾਖੀ ਲਈ ਲੱਤ ਗੱਡਣੀ ਸਿਆਸੀ ਪਾਰਟੀਆਂ, ਸਰਕਾਰਾਂ ਅਤੇ ਲੋਕਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਪਹਿਲਾ ਫ਼ਰਜ਼।

ਦਰਿਆਈ ਪਾਣੀ ਨੂੰ ਅਸੀਂ ਖੇਤੀ ਲਈ ਵਰਤਦੇ ਸਾਂ। ਫਿਰ ਟਿਊਬਵੈੱਲਾਂ ਦਾ ਕਮਲ ਕੁੱਦਿਆ ਤੇ ਖਾਲ ਢਾਹ ਛੱਡੇ। ਭਾਵੇਂ ਦੋ ਮਹੀਨੇ ਸੂਏ 'ਚ ਪਾਣੀ ਨਾ ਆਵੇ ਕੋਈ ਨਹੀਂ ਬੋਲਦਾ। ਦਰਿਆਈ ਪਾਣੀ ਤੇ ਬਰਸਾਤੀ ਪਾਣੀ ਹੀ ਖੇਤੀ/ਸਿੰਜਾਈ ਲਈ ਬੁਨਿਆਦ ਰਹਿੰਦਾ ਹੈ ਤੇ ਟਿਊਬਵੈੱਲ ਸਿਰਫ਼ ਸੰਕਟਕਾਲੀ ਬੰਦੋਬਸਤ ਬਣਦਾ। ਇਹੀ ਨੀਤੀ ਦੂਰ-ਅੰਦੇਸ਼ੀ ਵਾਲੀ ਸੀ। ਪਰ ਇਥੇ ਹੋਇਆ ਇਹ ਹੈ ਕਿ ਟਿਊਬਵੈੱਲ ਨੂੰ ਬੁਨਿਆਦੀ ਬਣਾ ਲਿਆ ਤੇ ਨਹਿਰੀ ਪਾਣੀ ਨੂੰ ਵਾਧੂ-ਘਾਟੂ। ਇਸ ਸੋਚ ਨੇ ਦਸਤਖ਼ਤ ਕੀਤੇ ਪੰਜਾਬ ਦੇ ਮਾਰੂਥਲ ਬਣਨ ਵਾਲੇ ਕਾਗ਼ਜ਼ ਉਤੇ। ਰਹਿੰਦੀ ਕਸਰ ਕੱਢਤੀ ਲੋਕ ਲੁਭਾਊ ਨੀਤੀਆਂ ਦਾ ਚੋਗਾ ਸੁੱਟਣ ਵਾਲੀਆਂ ਸਿਆਸੀ ਪਾਰਟੀਆਂ ਨੇ, ਆਹ ਮੁਫ਼ਤ ਦੇ ਦਿਆਂਗੇ, ਔਹ ਵੀ ਮੁਫ਼ਤ ਦੇ ਦਿਆਂਗੇ। ਬਾਪੂ ਦਾ ਮਾਲ ਹੀ ਸਮਝਿਆ ਪਾਣੀ ਵਰਗੀਆਂ ਕੁਦਰਤੀ ਰਹਿਮਤਾਂ ਨੂੰ।

ਧਰਤੀ ਹੇਠਲਾ ਪਾਣੀ ਸਭ ਦਾ ਸਾਂਝਾ ਹੈ। ਉਸ ਬੰਦੇ ਦਾ ਨਹੀਂ ਜਿਹੜਾ ਇਸ ਦੇ ਉਤਲੇ ਹਿੱਸੇ ਦਾ ਮਾਲਕ ਬਣਿਆ ਬੈਠਾ ਹੈ। ਜੀਵਨ ਦੇ ਇਸ ਖ਼ਜ਼ਾਨੇ ਨੂੰ ਅਸਾਂ ਬੰਦਿਆਂ ਨੇ ਜਿਸ ਕਬੁੱਧਪੁਣੇ ਨਾਲ ਆਪ ਹੀ ਲੁੱਟਿਆ ਹੈ, ਉਸ ਦੀ ਸਜ਼ਾ ਮਿਲਣ ਤੋਂ ਸਾਨੂੰ ਕੋਈ ਨਹੀਂ ਬਚਾ ਸਕਦਾ। ਡੂੰਘੇ ਬੋਰ ਕਰੋ ਖਾਂ ਭਲਾ ਕਿੱਥੋਂ ਕੁ ਤੱਕ ਕਰੋਗੇ?

ਅਖੀਰੀ ਇਸ ਦੋ ਟੰਗੇ ਜਾਨਵਰ (ਇਨਸਾਨ) ਦਾ ਸਮਾਜ ਤੁਹਾਡੇ ਸਾਹਮਣੇ ਜੋ ਨਾ ਲੜ-ਲੜ ਮਰਿਆ ਤਾਂ ਫਿੱਟੇ ਮੂੰਹ ਕਹਿ ਦਿਓ। ਡੀਜ਼ਲ-ਪੈਟਰੋਲ ਦੇ ਭਾਅ ਤੋਂ ਵੱਧ ਫੋਕਾ ਪਾਣੀ ਤਾਂ ਹੁਣ ਤੁਹਾਡੇ ਸਾਹਮਣੇ ਵਿਕ ਰਿਹਾ। ਦਿੱਲੀ ਹਵਾਈ ਅੱਡੇ ਉਤੇ ਅੱਧਾ ਲਿਟਰ ਪਾਣੀ 70 ਰੁਪਏ ਦਾ ਹੈ ਤੇ ਹਾਂਹਕਾਂਗ ਹਵਾਈ ਅੱਡੇ ਉਤੇ 125 ਰੁਪਏ ਦਾ।

ਧਰਤੀ ਹੇਠਲਾ ਪਾਣੀ ਨਹਾਉਣ-ਧੋਣ ਤੇ ਸੰਕਟਕਾਲੀ ਬੰਦੋਬਸਤ ਵਜੋਂ ਖੇਤੀ ਲਈ ਵਰਤਦੇ ਤਾਂ ਸ਼ਾਇਦ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਤਿਹਾਏ ਮਰਨੋਂ ਬਚਾ ਲੈਂਦੇ। ਪਰ ਹੁਣ ਇਹ ਭਰਮ ਹੈ ਕਿ ਹਰ ਸਾਲ ਬਰਸਾਤ ਦਾ ਪਾਣੀ 70-80 ਫੁੱਟ ਥੱਲੇ ਜੀਰ ਕੇ ਸਾਡੇ ਵੱਲੋਂ ਖਿੱਚੇ ਪਾਣੀ ਦੇ ਪੱਧਰ ਨੂੰ ਫਿਰ ਉੱਚਾ ਚੁੱਕ ਕੇ ਸਾਵਾਂ ਕਰ ਦੇਂਦਾ ਹੈ। ਇਸ ਗ਼ਲਤ ਪ੍ਰਚਾਰ ਕੋਲੋਂ ਬਚੇ ਰਹਿਣ ਵਿਚ ਹੀ ਪੰਜਾਬ ਬਚੇਗਾ, ਇਨਸਾਨ ਬਚੇਗਾ। ਨਹੀਂ ਤਾਂ ਚੂਲੀ-ਚੂਲੀ ਪਾਣੀ ਤੋਂ ਡਹਿ-ਡਹਿ ਮਰਨ ਤੋਂ ਇਸਨੂੰ ਕੋਈ ਨਹੀਂ ਬਚਾ ਸਕਦਾ। ਜੇ ਪਿਛਲੇ ਸਾਲਾਂ ਦੇ ਤਜ਼ਰਬੇ ਤੋਂ ਅਸਾਂ ਕੁਝ ਨਹੀਂ ਸਿੱਖਿਆ ਤਾਂ ਸਪੱਸ਼ਟ ਹੈ ਕਿ ਸਾਡੀ ਮੱਤ ਮਾਰੀ ਗਈ ਹੈ। ਅਸੀਂ ਅਗਿਆਨੀ ਅਤੇ ਗੁੰਮਰਾਹਕੁੰਨ ਗਰੋਹਾਂ ਦੇ ਚੁੰਗਲ ਵਿਚ ਹਾਂ। ਇਸ ਚੁੰਗਲ ਵਿਚੋਂ ਨਿਕਲਿਆਂ ਹੀ ਬਚਣਾ ਦੁਨੀਆਂ ਨੇ। ਸੋਝੀ ਜ਼ਰੂਰੀ ਹੋਣੀ ਚਾਹੀਦੀ ਹੈ। ਜੋ ਸਰਕਾਰਾਂ ਨੂੰ ਏਹੋ ਜਿਹੇ ਫੈਸਲੇ ਲੈਣ ਲਈ ਮਜਬੂਰ ਕਰੋ। ਕੁਝ ਏਹੋ ਜਿਹੀ ਸੋਚ ਬਣੇ ਕਿ —

ਪਾਣੀ ਨੂੰ ਸਭ ਦੀ ਸਾਂਝੀ ਮਾਲਕੀ ਐਲਾਨਿਆ ਜਾਵੇ। ਮੌਜੂਦਾ ਰਾਜਤੰਤਰ ਦਾ ਨਹਿਰੀ ਵਿਭਾਗ, ਖੇਤੀ ਵਿਭਾਗ ਜਾਂ ਇਸ ਨਾਲ ਜੁੜਿਆ ਕੋਈ ਹੋਰ ਮਹਿਕਮਾ ਇਸ ਯੋਗ ਨਹੀਂ ਜਾਪਦਾ ਕਿ ਉਹ ਕੋਈ ਚੱਜ ਦੀ ਕਾਰਗੁਜ਼ਾਰੀ ਵਿਖਾ ਦੇਵੇ। ਸਰਕਾਰ ਵੱਲੋਂ ਕਿਸੇ ਇਮਾਨਦਾਰ ਤੇ ਸਮਰੱਥ ਬੰਦੇ ਦੀ ਰਹਿਨੁਮਾਈ 'ਚ ਐਸਾ ਤੰਤਰ ਬਣੇ ਜੋ ਇਸ ਪਾਣੀ ਦੇ ਸੰਕਟ ਦੀ ਘੁੰਮਣਘੇਰੀ ਵਿਚੋਂ ਕੱਢਣ ਉਤੇ ਅਮਲ ਕਰੇ।

ਸਿਆਸੀ ਪਾਰਟੀਆਂ ਵੋਟਾਂ ਦੀਆਂ ਗਿਣਤੀਆਂ-ਮਿਣਤੀਆਂ ਛੱਡ ਕੇ ਇਸ ਮਾਮਲੇ ਵਿਚ ਦੂਰ-ਅੰਦੇਸ਼ ਫੈਸਲੇ ਲੈਣ (ਜਿਸ ਦੀ ਕਿ ਵੈਸੇ ਉਮੀਦ ਬੜੀ ਘੱਟ ਹੈ)।

ਬਰਸਾਤ ਦੇ ਪਾਣੀ ਦੀ ਉਚਿਤ ਸੰਭਾਲ ਅਤੇ ਨਹਿਰੀ ਪਾਣੀ ਨੂੰ ਬੁਨਿਆਦੀ ਸਿੰਜਾਈ ਪ੍ਰਬੰਧ ਵਜੋਂ ਮੁੜ ਸਥਾਪਤ ਕਰਨ ਲਈ ਸਪੈਸ਼ਲ ਵਿਭਾਗ ਬਣੇ। ਟਿਊਬਵੈੱਲਾਂ ਨੂੰ ਬੁਨਿਆਦੀ ਅਤੇ ਮੁਫ਼ਤ-ਮੁੱਲਾ ਨਹੀਂ ਸਗੋਂ ਸੰਕਟਕਾਲੀ ਸਿੰਜਾਈ ਪ੍ਰਬੰਧ ਸਮਝਿਆ ਜਾਵੇ।

ਪੰਜਾਬ ਦੇ ਦਰਿਆਈ ਪਾਣੀਆਂ ਉਤੇ ਹੱਕ ਲਈ ਸਭ ਕੁਝ ਕੀਤਾ ਜਾਵੇ।

ਸਰਕਾਰੀ, ਇਮਾਰਤਾਂ, ਅਦਾਰਿਆਂ, ਕਲੋਨੀਆਂ, ਘਰਾਂ ਵਿਚ ਪਾਣੀ ਵਰਤਣ ਦੀ ਸੀਮਾ ਹੋਵੇ ਤੇ ਉਸ ਤੋਂ ਵੱਧ ਵਰਤਣ ਦੀ ਕੀਮਤ ਵਸੂਲ ਕੀਤੀ ਜਾਵੇ।

ਸਾਰੇ ਲੋਕ ਪਾਣੀ ਵਰਤਣ ਲਈ ਬੇਹੱਦ ਸੰਜਮੀ ਸੁਭਾਅ ਬਣਾਉਣ ਅਤੇ ਇਵੇਂ ਸਮਣ ਕਿ ਅਜਾਈਂ ਡੋਲ੍ਹਿਆ ਇਕ ਤੁਪਕਾ ਵੀ ਸਾਡੀ ਗਲਤੀ ਹੈ। ਇੰਝ ਹੈ ਜਿਵੇਂ ਆਪਾਂ ਧਰਤੀ ਹੇਠੋਂ ਨਿਆਮਤ ਕੱਢ ਕੇ ਗੰਦੇ ਨਾਲੇ 'ਚ ਸੁੱਟ ਦਿੱਤੀ ਹੈ। ਪ੍ਰੰਤੂ ਦਿਨ-ਰਾਤ ਖੁੱਲ੍ਹੀਆਂ ਚੱਲਦੀਆਂ ਫਿਰਦੀਆਂ ਸਰਕਾਰੀ ਟੂਟੀਆਂ ਤੋਂ ਸਾਫ਼ ਪਾਣੀ ਦੀ ਬੇਕਦਰੀ ਵਿਚੋਂ ਸਾਡੀ 'ਸਮਝ' ਝਲਕਦੀ ਹੈ। ਇਹ ਸਖ਼ਤੀ ਨਾਲ ਰੋਕੀ ਜਾਵੇ।

ਪਾਣੀ ਦਾ ਬਿੱਲ ਜ਼ਰੂਰ ਹੋਵੇ, ਭਾਵ ਥੋੜ੍ਹਾ ਹੀ ਹੋਵੇ, ਤਾਂ ਕਿ ਸਾਨੂੰ ਇਸ ਦੀ ਵੁੱਕਤ ਦਾ ਅਹਿਸਾਸ ਰਹੇ। ਜੇ ਅਸੀਂ ਅਕਲਮੰਦ ਹੁੰਦੇ ਤਾਂ ਸ਼ਾਇਦ ਮੁਫ਼ਤ ਵਰਤਣ ਦੇ ਕਾਬਲ ਵੀ ਬਣੇ ਰਹਿੰਦੇ। ਪਰ ਹੁਣ ਅਸਲੋਂ ਗਰੀਬਾਂ ਤੋਂ ਇਲਾਵਾ ਕਿਸੇ ਨੂੰ ਪਾਣੀ ਮੁਫ਼ਤ ਨਹੀਂ ਦੇਣਾ ਚਾਹੀਦਾ।

ਸਿੰਜਾਈ ਦੀਆਂ ਨਵੀਆਂ, ਪਾਣੀ ਵਰਤੋਂ ਲਈ ਕਿਫਾਇਤੀ ਵਿਧੀਆਂ ਵੱਲ ਧਿਆਨ ਦਿੱਤਾ ਜਾਵੇ।

ਝੋਨਾ ਪੰਜਾਬ ਦੇ ਹੇਠਲੇ ਪਾਣੀ ਦੇ ਜੜ੍ਹੀਂ ਬਹਿ ਗਿਆ ਹੈ। ਬਦਲਵੇਂ ਫਸਲੀ ਚੱਕਰ ਤੇ ਦੂਰ-ਅੰਦੇਸ਼ੀ ਵਾਲੇ ਸਖ਼ਤ ਫੈਸਲੇ ਲੈਣੇ ਪੈਣੇ ਹਨ।

ਅਗਲੀ ਸਰਕਾਰ ਬਣਾਉਣ ਲਈ ਤਰਲੋ-ਮੱਛੀ ਸਿਆਸੀ ਪਾਰਟੀਆਂ ਨੂੰ ਇਸ ਤੋਂ ਅੱਗੇ ਦਿੱਸਣੋਂ ਬੰਦ ਹੋ ਗਿਆ ਹੈ। ਲੋਕ-ਲੁਭਾਊ ਨਾਅਰਿਆਂ ਨਾਲ ਹੋਣ ਵਾਲੇ ਲੋਕਾਂ ਦੇ ਹਸ਼ਰ ਦਾ ਅੰਦਾਜ਼ਾ ਲਾਉਣ ਦੀ ਲੋਕਾਂ ਨੂੰ ਖੁਦ ਵੀ ਆਦਤ ਬਣਾਉਣੀ ਪਵੇਗੀ। ਕਿਸੇ ਤਿਹਾਏ ਬੱਚੇ ਦੇ ਮੂੰਹ ਵਿਚ ਕਿਸੇ ਪਾਰਟੀ ਦੇ ਲੀਡਰ ਨੇ ਆ ਕੇ ਪਾਣੀ ਦਾ ਘੁੱਟ ਪਾਇਆ ਅੱਜ ਤੱਕ? ਧਰਤੀ ਹੇਠੋਂ ਪਾਣੀ ਸੰਭਲ ਕੇ ਖਿੱਚਣ ਦੀ ਗੱਲ ਸਿਰਫ਼ ਇਸ ਕਰਕੇ ਨਹੀਂ ਲੋੜੀਂਦੀ ਕਿ ਇਹ ਕੇਵਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਸੰਬੰਧ ਰੱਖਦੀ ਹੈ। ਸਗੋਂ ਇਹ ਇਸ ਕਰਕੇ ਸੋਚਣੀ ਬਣਦੀ ਹੈ ਕਿ ਸਾਨੂੰ ਇਹ ਹੱਕ ਨਹੀਂ ਕਿ ਉਹ ਧਰਤੀ ਜਿਸ ਨੂੰ ਅਸੀਂ ਮਾਂ ਕਹਿੰਦੇ ਤੇ ਏਦਾਂ ਦੀਆਂ ਗੱਲਾਂ ਵੀ ਕਰਦੇ ਹਾਂ ਕਿ ਰੱਬ ਇਸ ਦੇ ਕਣ-ਕਣ ਵਿਚ ਵੱਸਿਆ ਹੋਇਆ ਹੈ, ਉਸਦਾ ਹੁਲੀਆ ਅਸੀਂ ਵਿਗਾੜੀਏ। ਥੱਲਿਓਂ ਪਾਣੀ ਲੋਪ ਹੋ ਗਿਆ ਤਾਂ ਉਤੇ ਹੁਣ ਵਰਗੇ ਰੁੱਖ ਵੀ ਨਹੀਂ ਲੱਭਣੇ।

ਨਿਰੀਆਂ ਗੱਲਾਂ ਨਹੀਂ, ਅਮਲ ਕਰੀਏ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਕਿਤੇ ਸਾਨੂੰ ਇਹ ਫਤਵਾ ਨਾ ਦੇਣ ਕਿ 'ਤਿਹਾਏ ਮਰਨ ਡਹੇ ਆਂ, ਤਰੱਕੀ ਤੁਸੀਂ ਸਾਡੇ ਲਈ ਖੇਹ ਤੇ ਸਵਾਹ ਕਰਕੇ ਗਏ ਜੇ?'

# ਨਸ਼ੇ ਅਤੇ ਬੱਚੇ



ਪੰਜਾਬੀ ਗੱਭਰੂ ਦਾ ਜ਼ਿਕਰ ਆਉਂਦੇ ਹੀ ਅੱਖਾਂ ਸਾਹਮਣੇ ਉੱਚੇ ਲੰਮੇ, ਚੌੜੀ ਛਾਤੀ ਵਾਲੇ ਇਨਸਾਨ ਦੀ ਤਸਵੀਰ ਆ ਜਾਂਦੀ ਹੈ। ਵਿਆਹ ਲਈ ਤਿਆਰ ਹੋਏ ਪੰਜਾਬੀ ਗੱਭਰੂ ਦਾ ਜਲੌ ਤਾਂ ਝੱਲਿਆ ਨਹੀਂ ਜਾਂਦਾ। ਜਦੋਂ ਇਹ ਲੜਾਈ ਦੇ ਮੈਦਾਨ ਵਿਚ ਗਰਜਦੇ ਨੇ ਤਾਂ ਦੁਸ਼ਮਨਾਂ ਨੂੰ ਪਿੱਠ ਮੋੜ ਕੇ ਭਜਣਾ ਪੈਂਦਾ ਹੈ। ਜੇ ਅਮੀਰੀ ਵਜੋਂ ਤੱਕੀਏ ਤਾਂ ਵੀ ਚੋਟੀ ਦੇ ਗਿਣੇ ਚੁਣੇ ਅਮੀਰਾਂ ਵਿੱਚੋਂ, ਬਥੇਰੇ ਪੰਜਾਬੀ ਹੀ ਹਨ। ਗੱਲ ਕੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਓ, ਕੋਈ ਨਾ ਕੋਈ ਪੰਜਾਬੀ ਜ਼ਰੂਰ ਮਿਲ ਜਾਂਦਾ ਹੈ ਤੇ ਉਹ ਵੀ ਚੜ੍ਹਤ ਦੀ ਪੌੜੀ ਚੜ੍ਹ ਹੋਇਆ। ਇਸੇ ਲਈ ਸ਼ਾਇਦ ਕਿਸੇ ਨੇ ਮਜ਼ਾਕ ਉਡਾਇਆ ਸੀ ਕਿ ਜਦੋਂ ਨੀਲਾਮਸਟਰਾਂਗ ਨੇ ਚੰਨ ਤੇ ਪਹਿਲਾ ਪੈਰ ਧਰਿਆ ਤਾਂ ਹੈਰਾਨ ਰਹਿ ਗਿਆ ਕਿਉਂਕਿ ਸਾਹਮਣੇ ਹੀ ਇਕ ਵੱਡਾ ਫੱਟਾ ਪਿਆ ਸੀ ਜਿਸ ਉੱਤੇ ਲਿਖਿਆ ਸੀ 'ਪੰਜਾਬੀ ਢਾਬਾ।'' ਪੰਜਾਬੀ ਕਿੰਨੇ ਮਿਹਨਤੀ ਹਨ ਇਹ ਇਸ ਤੋਂ ਜ਼ਾਹਿਰ ਹੋ ਜਾਂਦਾ ਹੈ।

ਅੱਜ ਜੇ ਪੰਜਾਬ ਦੇ ਪਿੰਡਾਂ ਵਿਚ ਝਾਤ ਮਾਰੀਏ ਤਾਂ ਦਹਿਸ਼ਤ ਆਉਂਦੀ ਹੈ। ਅਫ਼ੀਮ ਭੁੱਕੀ ਖਾ-ਖਾ ਕੇ ਸੁੱਕੇ ਮਰੇ ਹੋਏ ਜਿਸਮ ਮੂਧੇ ਮੂੰਹ ਨਾਲੀ ਵਿਚ ਡਿੱਗੇ ਹੋਏ ਪਏ ਮਿਲਦੇ ਹਨ। ਪੈਸਿਆਂ ਲਈ ਗਿੜਗਿੜਾਉਂਦੇ, ਹੱਥ ਅੱਡਦੇ ਇਧਰ ਉਧਰ ਭਟਕਦੇ, ਅਤੇ ਖ਼ੁਦਕੁਸ਼ੀਆਂ ਕਰਦੇ ਫਿਰਦੇ ਹਨ ਕਿਉਂਕਿ ਬਹੁਤਿਆਂ ਨੇ ਜ਼ਮੀਨਾਂ ਵੇਚ ਕੇ ਨਸ਼ਿਆਂ ਦੇ ਹਵਾਲੇ ਕਰ ਦਿੱਤੀਆਂ ਹਨ। ਪੰਜਾਬੀਆਂ ਦੀ ਅਜਿਹੀ ਤਰਸਯੋਗ ਹਾਲਤ ਵੇਖ ਕੇ ਕਿਸੇ ਦਾ ਵੀ ਦਿਲ ਕੰਬ ਉਠੇਗਾ ਖ਼ਾਸਕਰ ਜਦੋਂ ਇਹ ਦੱਸਿਆ ਜਾਵੇ ਕਿ ਹਰ ਮਹੀਨੇ ਪੰਜਾਬ ਵਿਚ ਕਰੋੜਾਂ ਦੀ ਭੁੱਕੀ ਪਿੰਡਾਂ ਵਿਚ ਪਹੁੰਚਾਈ ਜਾ ਰਹੀ ਹੈ।


ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783




ਕਟਾਈ ਦੇ ਵਾਸਤੇ ਲਗਾਤਾਰ ਕੰਮ ਕਰਨ ਲਈ ਭੁੱਕੀ ਦੀ ਬਹੁਤੀ ਵਰਤੋਂ ਸਮਾਨਾ, ਪਾਤੜਾਂ, ਸ਼ਤਰਾਨਾ, ਸੰਗਰੂਰ, ਬਠਿੰਡਾ, ਮਾਨਸਾ, ਫਿਰੋਜ਼ਪੁਰ, ਮੋਗਾ, ਮੁਕਤਸਰ ਅਤੇ ਜਗਰਾਓਂ ਵਾਲੇ ਇਲਾਕੇ ਵਿਚ ਹੁੰਦੀ ਹੈ। ਸ਼ਹਿਰਾਂ ਵਿਚ ਸਮੈਕ ਦੀ ਵਰਤੋਂ ਕਾਲਜਾਂ ਵਿਚ ਵੀ ਹੋ ਰਹੀ ਹੈ। ਇਨ੍ਹਾਂ ਨਸ਼ਿਆਂ ਵਿਚ ਡੁੱਬੇ ਜਵਾਨ ਜ਼ੁਰਮ ਨੂੰ ਹਵਾ ਦੇਈ ਜਾ ਰਹੇ ਹਨ। ਜਿਹੜੀਆਂ ਮਾਵਾਂ ਇਸਦਾ ਸੇਵਨ ਕਰ ਰਹੀਆਂ ਹੋਣ, ਉਨ੍ਹਾਂ ਜੇ ਢਿੱਡ ਅੰਦਰ ਪਲ ਰਹੇ ਬੱਚੇ ਤੇ ਇਸਦਾ ਹੋਰ ਵੀ ਮਾੜਾ ਅਸਰ ਪੈਂਦਾ ਹੈ।

ਜਿਹੜੀ ਜੱਚਾ ਕੋਕੀਨ ਲੈਂਦੀ ਹੋਵੇ, ਉਹ ਵੈਸੇ ਵੀ ਤਾਂ ਚੰਗੀ ਮਾਂ ਸਾਬਤ ਹੋ ਹੀ ਨਹੀਂ ਸਕਦੀ ਕਿਉਂਕਿ ਉਹ ਬੱਚੇ ਦਾ ਪੂਰਾ ਖ਼ਿਆਲ ਹੀ ਨਹੀਂ ਰੱਖ ਸਕਦੀ ਤੇ ਨਾ ਹੀ ਬੱਚੇ ਦੀ ਪਿਆਰ ਦੀ ਲੋੜ ਨੂੰ ਸਮਝ ਸਕਦੀ ਹੈ। ਕੋਕੀਨ ਦੇ ਅਸਰ ਹੇਠ ਨਵਜੰਮਿਆ ਬੱਚਾ ਲੰਬਾਈ ਤੇ ਭਾਰ ਵਿਚ ਘਟ ਰਹਿ ਜਾਂਦਾ ਹੈ ਤੇ ਉਸਦਾ ਸਿਰ ਵੀ ਛੋਟਾ ਰਹਿ ਜਾਂਦਾ ਹੈ। ਕੁਝ ਬੱਚਿਆਂ ਵਿਚ ਜਮਾਂਦਰੂ ਨੁਕਸ ਵੀ ਦੇਖੇ ਜਾ ਸਕਦੇ ਹਨ ਜਿਨ੍ਹਾਂ ਵਿਚ ਗੁਰਦੇ, ਦਿਲ, ਦਿਮਾਗ, ਪੇਟ ਜਾਂ ਬਾਹਵਾਂ ਲੱਤਾਂ ਵਿਚ ਨੁਕਸ ਪੈ ਜਾਂਦੇ ਹਨ। ਦੋ ਜਾਂ ਤਿੰਨ ਸਾਲ ਦੀ ਉਮਰ ਤੱਕ ਪਹੁੰਚਦੇ ਇਹ ਬੱਚੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਲੱਗ ਪੈਂਦੇ ਹਨ ਤੇ ਦਿਮਾਗੀ ਪੱਖੋਂ ਵੀ ਬਾਕੀਆਂ ਤੋਂ ਕੁਝ ਪਿੱਛੇ ਰਹਿ ਜਾਂਦੇ ਹਨ।

ਮੌਰਫ਼ੀਨ, ਅਫ਼ੀਮ ਜਾਂ ਹੈਰੋਨ ਖਾਣ ਵਾਲੀਆਂ ਮਾਵਾਂ ਦੇ ਢਿੱਡ ਅੰਦਰਲੇ ਭਰੂਣ ਦਾ ਵੀ ਵੱਧਣਾ ਫੁਲਣ ਰੁਕ ਜਾਂਦਾ ਹੈ। ਨਸ਼ੇ ਦੇ ਆਦੀ ਹੋ ਜਾਣ ਕਾਰਣ ਜਨਮ ਤੋਂ ਬਾਅਦ ਜਦੋਂ ਬੱਚੇ ਦਾ ਨਸ਼ਾ ਉਤਰਦਾ ਹੈ ਤਾਂ ਉਸ ਨੂੰ ਕੰਬਣੀ ਛਿੜ ਸਕਦੀ ਹੈ, ਚਿੜਚਿੜਾਪਨ, ਪਸੀਨਾ ਆਉਣਾ, ਟੱਟੀਆਂ, ਉਲਟੀਆਂ, ਨੱਕ ਬੰਦ ਹੋਣਾ ਜਾਂ ਦੁੱਧ ਪੀਣ ਵਿਚ ਤਕਲੀਫ ਹੋ ਸਕਦੀ ਹੈ। ਦੋ ਤਿੰਨ ਵਰ੍ਹਿਆਂ ਦੀ ਉਮਰ ਤੇ ਜਾ ਕੇ ਇਨ੍ਹਾਂ ਬੱਚਿਆਂ ਦੀ ਯਾਦ ਸ਼ਕਤੀ ਵੀ ਘਟ ਜਾਂਦੀ ਹੈ ਤੇ ਇਕਾਗਰਤਾ ਨਾਲ ਪੜ੍ਹਾਈ ਵੀ ਨਹੀਂ ਕਰ ਸਕਦੇ। ਮਾਂ ਵੱਲੋਂ ਪੂਰਾ ਪਿਆਰ ਨਾ ਮਿਲਣ ਕਾਰਨ ਚੰਗੇ ਸ਼ਹਿਰੀ ਬਣਨ ਦੀ ਉਮੀਦ ਵੀ ਘਟ ਜਾਂਦੀ ਹੈ।

ਜਵਾਨ ਬੱਚੇ ਜਦੋਂ ਨਸ਼ਿਆਂ ਵਿਚ ਡੁੱਬਦੇ ਹਨ ਤਾਂ ਨਸ਼ੇ ਦੇ ਅਸਰ ਹੇਠ ਸਮਾਜਕ ਬੁਰਾਈਆਂ ਵਲ ਸਹਿਜੇ ਹੀ ਧੱਕੇ ਜਾਂਦੇ ਹਨ। ਸਕੂਲਾਂ ਵਿਚ ਪਹਿਲਾਂ ਸਬਕ ਪੜ੍ਹਾਇਆ ਜਾਂਦਾ ਹੈ ਤੇ ਫੇਰ ਇਮਤਿਹਾਨ ਹੁੰਦਾ ਹੈ ਪਰ ਅਸਲੀ ਜ਼ਿੰਦਗੀ ਦੀ ਮੁਸੀਬਤ ਇਹ ਹੈ ਕਿ ਇਮਤਿਹਾਨ ਪਹਿਲਾਂ ਹੁੰਦੇ ਹਨ ਤੇ ਸਬਕ ਫੇਰ ਮਿਲਦਾ ਹੈ। ਏਸੇ ਹੀ ਤਰ੍ਹਾਂ ਨਸ਼ੇ ਵਿਚ ਡੁੱਬਣ ਵਾਲੇ ਜਵਾਨ ਬੱਚਿਆਂ ਦਾ ਹਾਲ ਹੁੰਦਾ ਹੈ। ਸਿਹਤ ਖਰਾਬ ਕਰਕੇ ਨਸ਼ੇ ਤੇ ਤੌਬਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਬਹੁਤੀ ਵਾਰ ਇਹ ਕੋਸ਼ਿਸ਼ ਕਾਮਯਾਬ ਹੁੰਦੀ ਨਹੀਂ ਤੇ ਨਾ ਹੀ ਦੂਸਰੇ ਬੱਚੇ ਇਸ ਤੋਂ ਸਬਕ ਲੈਣ ਦੀ ਕੋਸ਼ਿਸ਼ ਕਰਦੇ ਹਨ। ਬਹੁਤੇ ਬੱਚੇ

ਆਪ ਇਸਨੂੰ ਅਜ਼ਮਾ ਕੇ ਹੀ ਤੌਬਾ ਕਰਨੀ ਚਾਹੁੰਦੇ ਹਨ। ਜਿਹੜੇ ਤਾਂ ਸਵਾਦ ਚੱਖ ਕੇ ਹਟ ਗਏ, ਉਹ ਤਾਂ ਸਮਝੋ ਤਰ ਗਏ ਪਰ ਜਿਹੜੇ ਇਸ ਦਲਦਲ ਵਿਚ ਫਸ ਗਏ, ਉਹ ਆਪ ਤਾਂ ਡੁੱਬਦੇ ਹੀ ਹਨ, ਆਪਣੇ ਟੱਬਰ ਨੂੰ ਵੀ ਲੈ ਡੁੱਬਦੇ ਹਨ।



ਭੰਗ ਹਸ਼ੀਸ਼ ਤੇ ਗਾਂਜਾ ਖਾਣ ਵਾਲੇ ਜਵਾਨ ਬੱਚੇ ਇਸਨੂੰ ਸਿਗਰਟ ਵਿਚ ਪੀ ਸਕਦੇ ਹਨ, ਖਾਣ ਵਾਲੀਆਂ ਚੀਜ਼ਾਂ ਵਿਚ ਮਿਲਾ ਕੇ ਖਾ ਲੈਂਦੇ ਹਨ ਜਾਂ ਤੇਲ ਦੀ ਸ਼ਕਲ ਵਿਚ ਪੀ ਵੀ ਲੈਂਦੇ ਹਨ ਜਿਵੇਂ ਹਸ਼ੀਸ਼ ਦਾ ਤੇਲ।

ਸਿਗਰਟ ਵਿਚ ਲੈਣ ਨਾਲ ਇਸਦਾ ਅਸਰ 10 ਮਿੰਟਾਂ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ ਤੇ ਤਿੰਨ ਘੰਟੇ ਤੱਕ ਸਰੂਰ ਕਾਇਮ ਰਹਿੰਦਾ ਹੈ। ਮੂੰਹ ਰਾਹੀਂ ਲੈਣ ਨਾਲ ਅਸਰ ਕੁਝ ਲੇਟ ਸ਼ੁਰੂ ਹੁੰਦਾ ਹੈ ਯਾਨੀ ਅਧਾ ਪੌਣਾ ਘੰਟਾ ਬਾਅਦ, ਪਰ ਸਰੂਰ ਵੀ 6 ਜਾਂ 7 ਘੰਟੇ ਤੱਕ ਰਹਿ ਜਾਂਦਾ ਹੈ।

ਭੰਗ, ਗਾਂਜਾ ਜਾਂ ਹਸ਼ੀਸ ਲੈਣ ਨਾਲ ਬੰਦਾ ਰੰਗ ਬਿਰੰਗੇ ਸੁਫ਼ਨਿਆਂ ਦੀ ਦੁਨੀਆ ਵਿਚ ਪਹੁੰਚ ਜਾਂਦਾ ਹੈ, ਮਸਤ ਹੋ ਜਾਂਦਾ ਹੈ, ਖੁਸ਼ੀ ਦਾ ਅਹਿਸਾਸ ਪਾਲ ਲੈਂਦਾ ਹੈ ਅਤੇ ਸਭ ਬੰਦਸ਼ਾਂ ਤੋੜ ਦਿੰਦਾ ਹੈ। ਉਸ ਨੂੰ ਵਕਤ ਅਤੇ ਥਾਂ ਦੀ ਹੋਸ਼ੋ-ਹਵਾਸ ਨਹੀਂ ਰਹਿੰਦੀ, ਬੌਖ਼ਲਾਹਟ ਵਿਚ ਫਿਰਨ ਲੱਗ ਪੈਂਦਾ ਹੈ, ਆਪਣੇ ਆਪ ਦੀ ਪਛਾਣ ਹੀ ਨਹੀਂ ਰਹਿੰਦੀ ਤੇ ਬੰਦਾ ਸੋਚਦਾ ਹੈ ਕਿ ਉਹ ਆਪਣੇ ਹੀ ਸਰੀਰ ਤੋਂ ਬਾਹਰ ਖੜਾ ਹੈ। ਉਸਨੂੰ ਅਸੀਮ ਘਬਰਾਹਟ ਵੀ ਹੋ ਸਕਦੀ ਹੈ, ਅਲਗ-ਅਲਗ ਤਰ੍ਹਾਂ ਦੇ ਰੰਗ ਦਿਸਣ ਲੱਗ ਪੈਂਦੇ ਹਨ, ਰੋਸ਼ਨੀ ਦਾ ਅਹਿਸਾਸ ਵੀ ਘਟ ਜਾਂਦਾ ਹੈ ਤੇ ਬੰਦਾ ਬਹੁਤੀ ਦੇਰ ਅੱਖਾਂ ਖੋਲ੍ਹ ਨਹੀਂ ਸਕਦਾ। ਏਸੇ ਕਰਕੇ ਕਾਰ ਜਾਂ ਸਕੂਟਰ ਚਲਾਉਣਾ ਖ਼ਤਰਨਾਕ ਹੋ ਸਕਦਾ ਹੈ।

ਨਸ਼ਾ ਸੇਵਨ ਨਾਲ ਅੱਖਾਂ ਨਾਲ ਸੁਰਖ਼ ਹੋ ਜਾਂਦੀਆਂ ਹਨ ਤੇ ਬਲੱਡ ਪ੍ਰੈਸ਼ਰ ਘਟ ਜਾਂਦਾ ਹੈ। ਧੜਕਨ ਵੱਧ ਜਾਂਦੀ ਹੈ। ਛਾਤੀ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਤੇ ਖੰਘ ਹੋ ਸਕਦੀ ਹੈ। ਹੌਲੀ-ਹੌਲੀ ਛਾਤੀ ਵਿਚ ਕੀਟਾਣੂੰਆਂ ਦਾ ਹਮਲਾ ਵੀ ਹੋ ਜਾਂਦਾ ਹੈ। ਭੁੱਖ ਵੀ ਵੱਧ ਸਕਦੀ ਹੈ ਤੇ ਜਵਾਨ ਬੱਚੇ ਦੀ ਜਵਾਨੀ ਦੇ ਕਦਮ ਚਿੰਨ੍ਹ ਰੁਕ ਜਾਂਦੇ ਹਨ ਅਤੇ ਸ਼ਕਰਾਣੂ ਘਟ ਜਾਂਦੇ ਹਨ। ਉਸਦੀ ਛਾਤੀ ਵੱਧਣੀ ਸ਼ੁਰੂ ਹੋ ਜਾਂਦੀ ਹੈ ਤੇ ਮਰਦਊਪੁਣੇ ਵਿਚ ਘਾਟ ਹੋ ਜਾਂਦੀ ਹੈ।

ਮਾਂ ਦੇ ਦੁੱਧ ਰਾਹੀਂ ਵੀ ਇਹ ਨਸ਼ਾ ਬੱਚੇ ਦੇ ਸਰੀਰ ਅੰਦਰ ਪਹੁੰਚ ਕੇ ਛੋਟੇ ਬੱਚੇ ਦੇ ਪੱਠਿਆਂ ਨੂੰ ਕਮਜ਼ੋਰ ਪਾ ਦਿੰਦਾ ਹੈ ਤੇ ਪੜ੍ਹਾਈ ਵੇਲੇ ਬੱਚੇ ਦੀ ਯਾਦਾਸ਼ਤ ਵੀ ਘਟ ਜਾਂਦੀ ਹੈ।

ਜੇ ਸ਼ਰਾਬ ਦੇ ਨਾਲ ਭੰਗ ਲੈ ਜਾਵੇ ਤਾਂ ਨਸ਼ਾ ਡੂੰਘਾ ਹੋ ਜਾਂਦਾ ਹੈ ਤੇ ਬੇਹੋਸ਼ੀ ਵੀ ਹੋ ਜਾਂਦੀ ਹੈ। ਬੰਦਾ ਮਾਰ ਕੁਟਾਈ ਜਾਂ ਝਗੜਾ ਕਰ ਸਕਦਾ ਹੈ, ਬਹੁਤ ਜ਼ਿਆਦਾ ਘਬਰਾਹਟ ਵਿਚ ਦਿਮਾਗੀ ਪ੍ਰੇਸ਼ਾਨੀ ਸਹੇੜ ਲੈਂਦਾ ਹੈ।

ਨਸ਼ਾ ਉਤਰਦੇ ਸਾਰ ਜੀਅ ਕੱਚਾ ਹੋਣਾ, ਉਲਟੀਆਂ, ਟੱਟੀਆਂ, ਨੀਂਦਰ ਨਾ ਆਉਣੀ, ਘਬਰਾਹਟ, ਭੁੱਖ ਮਰ ਜਾਣੀ, ਹੱਥ ਪੈਰ ਕੰਬਣੇ ਜਾਂ ਨਿਗਾਹ ਨਾ ਟਿਕਣੀ ਆਦਿ ਵਰਗੇ ਲੱਛਣ ਹੋ ਸਕਦੇ ਹਨ।

ਭਾਵੇਂ ਨਸ਼ਾ ਉਤਰਨ ਤੇ ਇਲਾਜ ਦੀ ਬਹੁਤੀ ਲੋੜ ਨਹੀਂ ਹੁੰਦੀ ਪਰ ਜੇ ਗਲਤੀ ਨਾਲ ਜ਼ਿਆਦਾ ਨਸ਼ਾ ਲੈ ਲਿਆ ਹੋਵੇ ਤਾਂ ਢਿੱਡ ਵਿੱਚੋਂ ਡਾਕਟਰ ਕੋਲੋਂ ਨਸ਼ੀਲੇ ਪਦਾਰਥ ਕਢਵਾਏ ਜਾ ਸਕਦੇ ਹਨ ਤੇ ਦਵਾਈਆਂ ਨਾਲ ਜਵਾਨ ਬੱਚੇ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ।

ਭੰਗ ਤੋਂ ਇਲਾਵਾ ਡੇਟ-ਰੇਪ ਦਵਾਈਆਂ, ਕੈਟਾਮੀਨ, ਹੈਰੋਨ ਦਾ ਸੁੰਘਣਾ, ਖੰਘ ਦੀਆਂ ਦਵਾਈਆਂ ਜਾਂ ਢਿੱਡ ਪੀੜ ਕੇ ਕੈਪਸੂਲ, ਪੈਟਰੋਲ ਸੁੰਘਣਾ, ਆਇਓਡੈਕਸ, ਬੂਟ ਪਾਲਿਸ਼ ਖਾਣ ਵੀ ਨਸ਼ਾ ਕਰਨ ਲਈ ਆਮ ਵਰਤੋਂ ਵਿਚ ਹਨ। ਡੇਟ ਰੇਪ ਗੋਲੀਆਂ ਤਾਂ ਬਲਾਤਕਾਰੀਆਂ ਨੇ ਗਲਤ ਵਰਤੋਂ ਲਈ ਧੋਖੇ ਨਾਲ ਠੰਡਿਆਂ ਵਿਚ ਮਿਲਾ ਕੇ ਦੇਣੀਆਂ ਸ਼ੁਰੂ ਕਰ ਛੱਡੀਆਂ ਹਨ।

ਅਫ਼ੀਮ ਖਾਣ ਨਾਲ ਅੱਖਾਂ ਦੀਆਂ ਪੁਤਲੀਆਂ ਸੁੰਗੜ ਜਾਂਦੀਆਂ ਹਨ, ਕਬਜ਼ ਹੋ ਜਾਂਦੀ ਹੈ, ਤੇ ਸਰੀਰ ਥੱਕਿਆ ਟੁੱਟਿਆ ਰਹਿਣ ਲੱਗ ਜਾਂਦਾ ਹੈ। ਸ਼ੁਰੂ ਸ਼ੁਰੂ ਵਿਚ ਇਸਦੇ ਅਸਰ ਹੇਠ ਬੰਦਾ ਕੰਮ ਕਰਨ ਵਿਚ ਲੱਗਿਆ ਰਹਿੰਦਾ ਹੈ ਪਰ ਫੇਰ ਹੌਲੀ ਹੌਲੀ ਸਰੀਰ ਕੰਮ ਕਰਨਾ ਤੋਂ ਨਕਾਰਾ ਹੋ ਜਾਂਦਾ ਹੈ।

ਜਦੋਂ ਵੀ ਜਵਾਨ ਬੱਚੇ ਵਿਚ ਅੱਗੇ ਦੱਸੀਆਂ ਅਲਾਮਤਾਂ ਨਜ਼ਰ ਆਉਣੀਆਂ ਸ਼ੁਰੂ ਹੋ ਜਾਣ ਤਾਂ ਮਾਪਿਆਂ ਦੇ ਕੰਨ ਖੜੇ ਹੋ ਜਾਣੇ ਚਾਹੀਦੇ ਹਨ ਕਿ ਕਿਤੇ ਬੱਚਾ ਨਸ਼ੀਲੇ ਪਦਾਰਥਾਂ ਦੀ ਵਰਤੋਂ ਤਾਂ ਨਹੀ ਕਰਨ ਲੱਗ ਪਿਆ, ਅਤੇ ਡਾਕਟਰੀ ਸਲਾਹ ਬਹੁਤ ਜ਼ਰੂਰੀ ਹੋ ਜਾਂਦੀ ਹੈ। ਇਹ ਹਨ-

* ਵਾਰ-ਵਾਰ ਐਕਸੀਡੈਂਟ ਹੋਣੇ
* ਵਾਰ-ਵਾਰ ਸੱਟਾਂ ਵਜਣੀਆਂ
* ਮਨੋਰੋਗੀ ਹੋਣਾ
* ਬਹੁਤ ਜ਼ਿਆਦਾ ਕਮਜ਼ੋਰੀ
* ਲੰਬਾ ਬੁਖਾਰ ਜਾਂ ਬੀਮਾਰੀ ਜਿਸਦਾ ਕਾਰਣ ਨਾ ਲੱਭੇ
* ਬਹੁਤ ਜ਼ਿਆਦਾ ਸੁਸਤੀ ਜਾਂ ਚਿੜਚਿੜਾਪਨ
* ਦੋਸਤਾਂ ਨਾਲ ਲੜਾਈ ਕਰਦੇ ਰਹਿਣ ਲੱਗ ਪੈਣਾ
* ਪੜ੍ਹਾਈ ਵਿਚ ਇਕਦਮ ਪਿੱਛੇ ਰਹਿ ਜਾਣਾ
* ਆਤਮਹੱਤਿਆ ਦੀ ਕੋਸ਼ਿਸ਼
* ਚੋਰੀ ਕਰਨੀ ਸ਼ੁਰੂ ਕਰ ਦੇਣੀ
* ਚੀਜ਼ਾਂ ਵੇਚਣੀਆਂ ਸ਼ੁਰੂ ਕਰ ਦੇਣੀਆਂ
* ਬਹੁਤ ਜ਼ਿਆਦਾ ਝੂਠ ਬੋਲਣਾ
* ਆਵਾਜ਼ ਵਿਚ ਬਦਲਾਵ ਜਾਂ ਲੜਖੜਾਉਣਾ
* ਦੋਸਤਾਂ ਜਾਂ ਰਿਸ਼ਤੇਦਾਰਾਂ ਤੋਂ ਕਤਰਾਉਣਾ
* ਢਹਿੰਦੀ ਕਲਾ ਵਿਚ ਰਹਿਣਾ
* ਨਿੱਕੀ ਜਿਹੀ ਗੱਲ ਤੇ ਇਕਦਮ ਗੁੱਸੇ ਵਿਚ ਭੜਕਣਾ ਸ਼ੁਰੂ ਹੋ ਜਾਣਾ
* ਭੁੱਖ ਮਰ ਜਾਣਾ ਜਾਂ ਬਹੁਤ ਜ਼ਿਆਦਾ ਖਾਣਾ ਸ਼ੁਰੂ ਹੋ ਜਾਣਾ
* ਨਸਾਂ ਉੱਤੇ ਸੂਈ ਦੇ ਨਿਸ਼ਾਨ ਹੋਣੇ

ਨਸ਼ੀਲੇ ਪਦਾਰਥਾਂ ਨੂੰ ਚੱਖਣ ਦੀ ਹੋੜ ਇਸ ਕਦਰ ਵੱਧ ਰਹੀ ਹੈ ਕਿ ਜਿੱਥੇ ਜਵਾਨ ਬੱਚੇ ਆਪਣੀ ਜਵਾਨੀ ਗਾਲ ਰਹੇ ਹਨ ਉੱਥੇ ਬਾਕੀ ਸਾਰਾ

ਟੱਬਰ ਵੀ ਤਬਾਹ ਹੋ ਜਾਂਦਾ ਹੈ। ਪਿੰਡਾਂ ਦੇ ਪਿੰਡ ਇਨ੍ਹਾਂ ਨਸ਼ਿਆਂ ਵਿਚ ਡੁੱਬਦੇ ਜਾ ਰਹੇ ਹਨ।

ਨਵਜੰਮੇ ਬੱਚੇ ਵੀ ਇਸਦੀ ਮਾਰ ਤੋਂ ਨਹੀਂ ਬੱਚ ਰਹੇ। ਪਿੰਡਾਂ ਵਿਚ ਆਮ ਹੀ ਮਾਵਾਂ ਅਫ਼ੀਮ ਚਟਾ ਕੇ ਬੱਚੇ ਸੁਆ ਕੇ ਕੰਮ ਤੇ ਲੱਗ ਜਾਂਦੀਆਂ ਹਨ। ਖੇਤਾਂ ਵਿਚ ਕੰਮ ਕਰਕੇ ਮਜ਼ਦੂਰ ਵੀ ਭੰਗ ਜਾਂ ਅਫ਼ੀਮ ਖਾ ਕੇ ਕੰਮ ਵਿਚ ਮਸਤ ਲੱਗੇ ਰਹਿੰਦੇ ਹਨ। ਉਹ ਵਿਚਾਰਿਆਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਦੀ ਸੋਚਣ ਸਮਝਣ ਦੀ ਸ਼ਕਤੀ ਨੂੰ ਕਿਵੇਂ ਇਹ ਨਸ਼ਾ ਘੁਣ ਵਾਂਗ ਚਟ ਕਰ ਰਿਹਾ ਹੈ ਤੇ ਹੌਲੀ-ਹੌਲੀ ਉਨ੍ਹਾਂ ਦਾ ਸਰੀਰ ਵੀ ਖੇਰੂ-ਖੇਰੂ ਹੋ ਰਿਹਾ ਹੈ।

ਟਨਾਂ ਦੀ ਮਿਕਦਾਰ ਵਿਚ ਵਿਕ ਰਿਹਾ ਇਹ ਨਸ਼ਾ ਪੰਜਾਬ ਦੀਆਂ ਜੜ੍ਹਾਂ ਵਿਚ ਤੇਲ ਪਾਉਣ ਵਿਚ ਸਹਾਈ ਸਿੱਧ ਹੋ ਰਿਹਾ ਹੈ। ਹਾਲਾਂਕਿ ਨਸ਼ਿਆਂ ਦੀ ਤਸਕਰੀ ਇਸ ਤੋਂ ਕਈ ਗੁਣਾ ਵੱਧ ਹੈ। ਏਨੇ ਕੁ ਕੇਸਾਂ ਵਿਚੋਂ ਹੀ ਬਰਾਮਦ ਹੋਏ ਨਸ਼ਿਆਂ ਦੀ ਮਾਤਰਾ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਰਤੋਂ ਵਿਚ ਵਾਧਾ ਕਿੰਨੀ ਤੇਜ਼ੀ ਨਾਲ ਹੋ ਰਿਹਾ ਹੈ।

ਜਿਹੜੇ ਪੰਜਾਬ ਵਿੱਚੋਂ ਅਜੇ ਤੱਕ ਇੱਥੋਂ ਦੇ ਮਿਹਨਤੀ ਦੇ ਤਗੜੇ ਮੁੱਛ ਫੁਟ ਗੱਭਰੂ ਸਾਰੇ ਹਿੰਦੁਸਤਾਨ ਨੂੰ ਕਣਕ ਪਹੁੰਚਾਉਂਦੇ ਸਨ ਤੇ ਜਿੱਥੋਂ ਦੇ ਬਜ਼ੁਰਗ ਅੱਜ ਵੀ ਬੋਰੀ ਭਰੀ ਕਣਕ ਦੀ ਸਹਿਜੇ ਹੀ ਪਿੱਠ ਤੇ ਚੁੱਕ ਲੈਂਦੇ ਹਨ, ਉੱਥੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਨਵਜੰਮੇ ਬੱਚੇ ਤੋਂ ਲੈ ਕੇ ਭਰ ਜਵਾਨ ਪੰਜਾਬੀ ਨੌਜਵਾਨ ਠਾਠਾਂ ਮਾਰਦੇ ਨਸ਼ੇ ਦੇ ਦਰਿਆ ਵਿਚ ਡੁੱਬਣ ਲਈ ਤਿਆਰ ਬੈਠੇ ਹਨ।

ਮੈਨੂੰ ਦੁਨੀਆ ਦੇ ਕਿਸੇ ਵੱਡੇ ਧਾਰਮਿਕ ਆਗੂ ਦਾ ਪਤਾ ਨਹੀਂ ਜਿਸਨੇ ਆਪਣੇ ਪੈਰੋਕਾਰਾਂ ਨੂੰ ਨਸ਼ਿਆਂ ਤੋਂ ਏਨੀ ਸ਼ਿੱਦਤ ਨਾਲ ਰੋਕਿਆ ਹੋਵੇ ਜਿੰਨੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਰੋਕਿਆ ਸੀ। ਸਾਡੀ ਪੀੜ੍ਹੀ ਦੇ ਪੰਜਾਬੀਆਂ ਨੂੰ ਨਸ਼ੇ-ਸੇਵਨ ਦੇ ਜਿਹੜੇ ਅੰਕੜੇ ਮੈਂ ਉੱਤੇ ਦੇ ਆਈ ਹਾਂ ਤੇ ਜੋ ਸਰਕਾਰੀ ਰਿਪੋਰਟਾਂ ਤੋਂ ਲੱਭੇ ਹੋਏ ਹਨ, ਉਹ ਗੁਰੂ ਗੋਬਿੰਦ ਸਿੰਘ ਦੇ ਕਾਰਜ ਖੇਤਰ ਅਰਥਾਤ ਪੰਜਾਬ ਵਿਚ ਏਨੀ ਭਾਰੀ ਮਾਤਰਾ ਵਿਚ ਵਰਤੇ ਜਾਂਦੇ ਹੋਣ ਤਾਂ ਕੀ ਸਾਨੂੰ ਸ਼ਰਮ ਨਾਲ ਸਿਰ ਨੀਵਾਂ ਕਰਕੇ ਇਸ ਜਾਨਲੇਵਾ ਰੋਗ ਨੂੰ ਠੱਲ ਪਾਉਣ ਲਈ ਕਸਮ ਨਹੀਂ ਚੁੱਕਣੀ ਚਾਹੀਦੀ?

ਜੇ ਵੇਲੇ ਸਿਰ ਇਸਨੂੰ ਠੱਲ ਨਾ ਪਾਈ ਗਈ ਤਾਂ ਉਹ ਵੇਲਾ ਦੂਰ ਨਹੀਂ ਜਦੋਂ ਪੰਜਾਬੀ ਗੱਭਰੂ ਨਸ਼ਿਆਂ ਕਾਰਨ ਨਪੁੰਸਕ ਹੋ ਜਾਣਗੇ ਤੇ ਪੂਰੀ ਕੌਮ ਤਬਾਹ ਹੋ ਜਾਏਗੀ।

ਮੇਰੇ ਵਿਸ਼ੇਸ਼ ਪੇਸ਼ਾਵਰ ਖੇਤਰ ਦਾ ਸੰਬੰਧ ਬੱਚਿਆਂ ਨਾਲ ਹੈ ਤੇ ਬੱਚਿਆਂ ਨੇ ਹੀ ਕਿਸੇ ਕੌਮ ਜਾਂ ਦੇਸ਼ ਦੀ ਤਾਕਤ ਜਾਂ ਕਮਜ਼ੋਰੀ ਬਣਨਾ ਹੁੰਦਾ ਹੈ। ਜਦੋਂ ਮੈਂ ਹਰ ਸਾਲ ਨਸ਼ਿਆਂ ਦੇ ਸੇਵਨ ਦੀ ਮਾਤਰਾ ਸਕੂਲ ਦੇ ਬੱਚਿਆਂ ਦੀ ਪੱਧਰ ਉੱਤੇ ਵੀ ਛਾਲਾਂ ਮਾਰ ਕੇ ਵੱਧਦੀ ਵੇਖਦੀ ਹਾਂ ਤਾਂ ਲਹੂ ਦੇ ਹੰਝੂ ਕੇਰਦੀ ਹਾਂ। ਕੀ ਬਣੇਗਾ ਮੇਰੇ ਪਿਆਰੇ ਪੰਜਾਬ ਦਾ? ਕਿੰਨਾ ਚਿਰ ਸੁੱਤੇ ਰਹਿਣੇ ਸਾਡੇ ਕਾਨੂੰਨ ਘਾੜੇ? ਕਦੋਂ ਹੋਸ਼ ਆਵੇਗੀ ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਖੁੱਲ੍ਹੀਆਂ ਤਨਖਾਹਾਂ ਲੈਣ ਵਾਲੇ ਉਸਤਾਦਾਂ ਤੇ ਪ੍ਰਬੰਧਕਾਂ ਨੂੰ?

ਹੋਰ ਕਾਨੂੰਨੀ ਜਾਂ ਸਮਾਜਕ ਤਰੀਕਿਆਂ ਨਾਲ ਨਸ਼ੇ ਰੋਕਣ ਦਾ ਕੰਮ ਅਸੈਂਬਲੀਆਂ ਵਿਚ ਬੈਠੇ ਬਜ਼ੁਰਗਾਂ ਦਾ ਹੈ। ਮੇਰੀ ਤਾਂ ਮਾਪਿਆਂ ਅੱਗੇ ਹੱਥ ਬੰਨ੍ਹ ਕੇ ਅਰਜ਼ ਹੈ ਕਿ ਜੇ ਆਪਣਿਆਂ ਬੱਚਿਆਂ ਨੂੰ ਤਬਾਹੀ ਤੋਂ ਬਚਾਉਣਾ ਹੈ ਤਾਂ ਇਨ੍ਹਾਂ ਨੂੰ ਪਿਆਰ ਦਿਓ ਤੇ ਵੇਲੇ ਸਿਰ ਇਨ੍ਹਾਂ ਦੀਆਂ ਗੁੰਝਲਾਂ ਸੁਲਝਾਓ ਤਾਂ ਜੋ ਉਹ ਰੋਗੀ ਰੁਚੀਆਂ ਤੋਂ ਬਚੇ ਰਹਿਣ ਅਤੇ ਉਸਾਰੂ ਕੰਮਾਂ ਵਿਚ ਲੱਗਣ।

# ਬੇਨਤੀ


ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

# ਪੰਜਾਬ ਵਿੱਚ ਸਿਹਤ ਅਤੇ ਵਾਤਾਵਰਨ, ਸੰਕਟਕਾਲੀਨ ਸਥਿਤੀ

**ਗੁਰਮੀਤ ਸਿੰਘ ਪਲਾਹੀ**

**98158-02070**


ਪੰਜਾਬ ਦੇ ਖਾਲਿਆਂ, ਨਾਲਿਆਂ, ਛੱਪੜਾਂ ਦੇ ਪਾਣੀ ਦਾ ਰੰਗ ਵੇਖ ਲਉ, ਜਾਂ ਪੰਜਾਬ ਦੇ ਬਹੁਤੇ ਨੌਜਵਾਨਾਂ ਦੇ ਚਿਹਰਿਆਂ ਦਾ ਰੰਗ, ਦੋਵੇਂ ਇਕੋ ਜਿਹੇ ਹਨ, ਕਾਲੇ , ਘਸਮੈਲੇ , ਬੁਸੇ-ਬੁਸੇ, ਚਮਕ ਤੋਂ ਬਿਨਾਂ। ਪੰਜਾਬ ਦੇ ਝਰਨਿਆਂ, ਦਰਿਆਵਾਂ, ਖਾਲਿਆਂ ਦਾ ਕਲ-ਕਲ ਕਰਦਾ ਪਾਣੀ ਸ਼ਹਿਰਾਂ, ਪਿੰਡਾਂ ਦੇ ਗੰਦੇ ਰਸਾਇਣਾਂ ਨਾਲ ਭਰੇ ਪ੍ਰਦੂਸ਼ਤ ਪਾਣੀ ਅਤੇ ਰਹਿੰਦ ਖੂੰਹਦ ਨੇ ਤਬਾਹ ਕਰ ਦਿੱਤਾ ਹੈ, ਉਵੇਂ ਹੀ ਜਿਵੇਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਨੇ। ਪੰਜਾਬ ਵਿੱਚ ਨਸ਼ੇ ਪਹਿਲਾਂ ਵੀ ਸਨ, ਲੋਕ ਅਮਲ ਕਰਦੇ ਸਨ ਡੋਡਿਆਂ ਦਾ, ਅਫ਼ੀਮ ਦਾ ਜਾਂ ਘਰੋਂ ਕੱਢੀ ਦੇਸੀ ਸ਼ਰਾਬ ਦਾ, ਜਿਸਦੀ ਥਾਂ ਹੁਣ ਸੰਥੈਟਿਕ ਨਸ਼ਿਆਂ, ਕੋਕੀਨ, ਧਤੂਰਾ, ਸਮੈਕ, ਬਰਾਊਨ ਸ਼ੂਗਰ ਆਦਿ ਨੇ ਲੈ ਲਈ ਹੈ। ਹੁਣ ਠੇਕੇ ਦੀ ਦੇਸੀ ਅੰਗਰੇਜ਼ੀ ਸ਼ਰਾਬ ਨੂੰ ਤਾਂ ਨਸ਼ਾ ਹੀ ਨਹੀਂ ਗਿਣਿਆ ਜਾਂਦਾ। ਪਿੰਡਾਂ 'ਚ ਛੱਪੜਾਂ ਦਾ ਬਰਸਾਤੀ ਪਾਣੀ ਸੀ, ਜਿਸ 'ਚ ਲੋਕ ਕੱਪੜੇ ਧੋਂਦੇ ਸਨ, ਇਸ਼ਨਾਨ ਕਰਦੇ ਸਨ, ਨਾਲਿਆਂ ਖਾਲਿਆਂ ਦਾ ਸਾਫ ਸੁਥਰਾ ਪਾਣੀ ਕਿਧਰੇ ਖੇਤੀ ਲਈ ਵਰਤਿਆ ਜਾਂਦਾ ਸੀ, ਪਸ਼ੂਆਂ ਦੇ ਨਹਾਉਣ, ਪਾਣੀ ਪਿਆਉਣ ਲਈ ਇਸ ਦੀ ਵਰਤੋਂ ਹੁੰਦੀ ਸੀ, ਪਰ ਹੁਣ ਇਹ ਨਾਲੇ ਖਾਲੇ ਛੱਪੜ ਨਹੀਂ ਰਹੇ, ਗੰਦੇ ਨਾਲੇ, ਗੰਦੇ ਛੱਪੜ ਬਣ ਗਏ ਹਨ, ਜਿਹੜੇ ਸ਼ਹਿਰਾਂ ਪਿੰਡਾਂ ਦੀ ਗੰਦਗੀ ਰਹਿੰਦ ਖੂੰਹਦ, ਰਸਾਇਣ ਢੋ ਕੇ ਬੁੱਢੇ ਹੋ ਗਏ ਹਨ, ਪੰਜਾਬ ਦੇ ਨੌਜਵਾਨਾਂ ਜਿਹੇ, ਜਵਾਨੀ ਵੇਲੇ ਹੀ ਬੁੱਢੇ। ਛੱਪੜਾਂ, ਨਾਲਿਆਂ, ਖਾਲਿਆਂ ਦੀ ਬਦਬੂ, ਨੌਜਵਾਨਾਂ ਵਲੋਂ ਕੀਤੇ ਨਸ਼ਿਆਂ ਦੇ ਅਸਰ ਨਾਲ ਉਨ੍ਹਾਂ ਦੇ ਸਰੀਰ 'ਚੋਂ ਆਉਂਦੀ ਬਦਬੂ ਨਾਲ ਮੇਚ ਖਾਂਦੀ ਹੈ !ਆਖ਼ਰ ਕੀ ਹੋ ਗਿਆ ਹੈ ਭਾਗਾਂ ਭਰੀ ਇਸ ਧਰਤੀ ਨੂੰ ਜੀਹਦਾ ਸੀਨਾ ਜ਼ਹਿਰ ਉਗਲਣ ਲੱਗ ਪਿਆ ਹੈ?

ਕੇਂਦਰੀ ਜ਼ਮੀਨਦੋਜ਼ ਜਲ ਬੋਰਡ ਨਵੀਂ ਦਿੱਲੀ ਵਲੋਂ ਦੁਆਬਾ ਅਤੇ ਮਾਝਾ ਖੇਤਰ ਦੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਤਰਨਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਧਰਤੀ ਹੇਠਲੇ ਪਾਣੀ 'ਚ ਵੱਡੀ ਮਾਤਰਾ 'ਚ ਯੂਰੇਨੀਅਮ ਤੱਤਾਂ ਦੀ ਪੁਸ਼ਟੀ ਹੋਈ ਹੈ, ਜੋ ਮੁੱਖ ਤੌਰ 'ਤੇ ਕੈਂਸਰ ਅਤੇ ਹੋਰ ਬੀਮਾਰੀਆਂ ਦਾ ਮੁੱਖ ਕਾਰਨ ਹੈ। ਜ਼ਮੀਨਦੋਜ਼ ਪਾਣੀ 'ਚ ਇਨ੍ਹਾਂ ਜ਼ਿਲ੍ਹਿਆਂ 'ਚ ਯੂਰੇਨੀਅਮ ਦੀ ਮਾਤਰਾ ਇਤਨੀ ਦਰਜ ਕੀਤੀ ਗਈ ਕਿ ਬੋਰਡ ਨੇ ਇਨ੍ਹਾਂ ਜ਼ਿਲ੍ਹਿਆਂ 'ਚ ਟਿਊਬਵੈਲੀ ਪਾਣੀ ਦੇ ਨਮੂੰਨੇ ਫੇਲ੍ਹ ਕਰਾਰ ਦਿੱਤੇ ਹਨ। ਪਾਣੀ ਦੇ ਨਮੂੰਨਿਆਂ ਦੀ ਜਾਂਚ ਭਾਬਾ ਐਟੋਮਿਕ ਰਿਸਚਰ ਸੈਂਟਰ ਮੁੰਬਈ ਤੋਂ ਕਰਵਾਈ ਗਈ ਸੀ। ਮਾਲਵਾ ਖਿੱਤੇ ਵਿੱਚ ਤਾਂ ਧਰਤੀ ਹੇਠਲੇ ਪਾਣੀ 'ਚ ਜ਼ਿਆਦਾ ਮਾਤਰਾ 'ਚ ਯੂਰੇਨੀਅਮ ਹੋਣ ਕਾਰਨ ਕੈਂਸਰ ਦਾ ਕਹਿਰ ਪਹਿਲੇ ਹੀ ਆਪਣੀ ਰੰਗ ਵਿਖਾ ਰਿਹਾ ਹੈ। ਕੀ ਕੋਈ ਸਰਕਾਰ, ਕੋਈ ਪੰਜਾਬ ਹਿਤੈਸ਼ੀ ਨਜ਼ਰ ਲੱਗੇ ਪੰਜਾਬ ਦੇ ਹਾਲਾਤ ਨੂੰ ਸਮਝ ਸਕੀ ਹੈ?

ਪੰਜਾਬ ਵਿੱਚ ਪਿਛਲੇ ਪੰਜਾਂ ਸਾਲਾਂ ਵਿੱਚ ਕੈਂਸਰ ਨਾਲ 33,318 ਮੌਤਾਂ ਹੋ ਚੁੱਕੀਆਂ ਹਨ ।ਹਰ ਰੋਜ਼ ਕੈਂਸਰ ਨਾਲ ਪੰਜਾਬ 'ਚ 18 ਮੌਤਾਂ ਹੁੰਦੀਆਂ ਹਨ। ਇਸ ਸਮੇਂ ਪੰਜਾਬ ਵਿੱਚ 84,453 ਵਿਅਕਤੀਆਂ ਵਿੱਚ ਕੈਂਸਰ ਦੇ ਲੱਛਣ ਦਿਖੇ ਹਨ ਅਤੇ ਇੱਕ ਸਰਵੇ ਅਨੁਸਾਰ ਜ਼ਮੀਨਦੋਜ ਪਾਣੀ 'ਚ ਯੂਰੇਨੀਅਮ ਤੱਤਾਂ ਦੇ ਵਾਧੇ ਦਾ ਕਾਰਨ ਕੁਝ ਵਿਗਿਆਨੀ ਖੇਤੀਬਾੜੀ ਲਈ ਵਰਤੀਆਂ ਜਾਂਦੀਆਂ ਰਸਾਇਣਕ ਖਾਦਾਂ ਨੂੰ ਗਿਣਦੇ ਹਨ। ਜਦਕਿ ਕੁਝ ਵਿਗਿਆਨੀ ਇਸ ਦਾ ਕਾਰਨ ਸਨਅਤਾਂ ਵਲੋਂ ਜ਼ਹਿਰੀਲੇ ਰਸਾਇਣ ਧਰਤੀ 'ਚ ਬਕਾਇਦਾ ਬੋਰ ਕਰਕੇ ਇੰਜੈਕਟ ਕੀਤੇ ਜਾਣ ਨੂੰ ਗਿਣਦੇ ਹਨ। ਪੰਜਾਬ 'ਚ ਪ੍ਰਤੀ ਹੈਕਟੇਅਰ ਖਾਦ ਦੀ ਵਰਤੋਂ 192.5 ਕਿਲੋ ਹੈ ਜਦ ਕਿ ਕੀਟਨਾਸ਼ਕ 923 ਗ੍ਰਾਮ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹਨ। ਪੰਜਾਬ ਦਾ ਰਕਬਾ ਭਾਰਤ ਦੇ ਕੁਲ ਰਕਬੇ ਦਾ 1.5 ਪ੍ਰਤੀਸ਼ਤ ਹੈ ਪਰ ਇਹ ਸੂਬਾ ਪੂਰੇ ਦੇਸ਼ ਦੀ ਭੁੱਖ ਪੂਰੀ ਕਰਨ ਲਈ ਚੰਗਾ ਅਨਾਜ ਪੈਦਾ ਕਰਨ ਲਈ ਭਾਰਤ ਭਰ ਵਿੱਚ ਵਰਤੀਆਂ ਜਾਣ ਵਾਲੇ ਕੀਟਨਾਸ਼ਕਾਂ ਦਾ 18 ਪ੍ਰਤੀਸ਼ਤ ਵਰਤਦਾ ਹੈ ਜਦ ਕਿ ਇਕੱਲਾ ਮਾਲਵਾ ਖਿੱਤਾ ਇਸ ਪ੍ਰਤੀਸ਼ਤ ਦਾ 75 ਪ੍ਰਤੀਸ਼ਤ ਵਰਤਦਾ ਹੈ। ਕੀ ਭਾਰਤ ਦੀ ਸਰਕਾਰ ਜਿਹੜੀ ਪੰਜਾਬ ਦੀ ਧਰਤੀ ਦੀ ਮਿੱਝ ਕੱਢ ਕੇ ਪੂਰੇ ਦੇਸ਼ ਦਾ ਢਿੱਡ ਭਰਦੀ ਹੈ, ਪੰਜਾਬ ਦੀ ਬੰਜਰ ਹੋ ਰਹੀ ਧਰਤੀ ਦੀ ਸੰਭਾਲ ਲਈ ਅੱਗੇ ਆਈ ਹੈ?

ਪੰਜਾਬ ਦੀ ਕੁੱਖ ਵਿੱਚੋਂ ਲਗਾਤਾਰ ਪਾਣੀ ਦਾ ਨਿਕਲਣਾ, ਪੰਜਾਬ ਦੇ ਵਾਤਾਵਰਨ ਲਈ ਸੰਕਟਮਈ ਹਾਲਾਤ ਪੈਦਾ ਕਰਨ ਦਾ ਕਾਰਨ ਬਣਦਾ ਜਾ ਰਿਹਾ ਹੈ। ਸਾਲ 1970-71 ਵਿੱਚ 1.9 ਲੱਖ ਟਿਊਬਵੈਲ ਸਨ, ਜੋ ਸਾਲ 1980-81 ਵਿੱਚ ਵਧਕੇ 6 ਲੱਖ, ਸਾਲ 1990-91 ਵਿੱਚ 10 ਲੱਖ ਅਤੇ ਹੁਣ 14 ਲੱਖ ਤੱਕ ਪੁੱਜ ਗਏ ਹਨ। ਸਿੰਚਾਈ ਜਿਹੜੀ ਪਹਿਲਾਂ ਖੂਹਾਂ 'ਚੋਂ ਹਲਟਾਂ ਨਾਲ ਹੁੰਦੀ ਸੀ ਅਤੇ ਨਹਿਰੀ ਪਾਣੀ ਅਤੇ ਬਰਸਾਤੀ ਪਾਣੀ ਸਿੰਚਾਈ ਦਾ ਵੱਡਾ ਸਾਧਨ ਸਨ। ਹੁਣ ਟਿਊਬਵੈਲਾਂ ਰਾਹੀਂ ਸਿੰਚਾਈ 78 ਪ੍ਰਤੀਸ਼ਤ ਤੋਂ ਵੀ ਵੱਧ ਗਈ ਹੈ। ਧਰਤੀ ਹੇਠਲਾ ਪਾਣੀ ਜਿਹੜਾ 50 ਫੁੱਟ ਤੋਂ 100 ਫੁੱਟ ਤੱਕ ਮਿਲ ਜਾਂਦਾ ਸੀ, ਉਹ ਹੁਣ 200 ਤੋਂ 300 ਫੁੱਟ ਤੱਕ ਨੀਵਾਂ ਹੋ ਗਿਆ ਹੈ, ਜਿਸ ਨੂੰ ਕੱਢਣ ਲਈ ਸਬਮਰਸੀਬਲ ਪੰਪਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਪੰਜਾਬ ਦੇ 137 ਬਲਾਕਾਂ ਵਿਚੋਂ 120 ਬਲਾਕਾਂ ਦਾ ਧਰਤੀ ਹੇਠਲਾ ਪਾਣੀ ਖਤਰੇ ਦੇ ਨਿਸ਼ਾਨ ਤੱਕ ਪੁੱਜਾ ਹੋਇਆ ਹੈ। ਇਨ੍ਹਾਂ ਵਿਚੋਂ ਬਹੁਤੇ ਬਲਾਕਾਂ 'ਚ 75 ਸੈਂਟੀਮੀਟਰ ਪਾਣੀ ਹਰ ਸਾਲ ਹੋਰ ਨੀਵਾਂ ਹੋ ਰਿਹਾ ਹੈ। ਆਪਣਾ ਪੇਟ ਕੱਟ ਕੇ, ਆਪਣੇ ਰੋਜ਼ੀ ਰੋਟੀ ਕਮਾਣ ਦੀ ਖਾਤਰ ਆਪਣਾ ਸੀਨਾ ਚੀਰ ਕੇ ਦਿੱਤੀ ਪੰਜਾਬ ਦੀ ਕੁਰਬਾਨੀ ਦਾ, ਕਿਸੇ ਦਿੱਲੀ ਸਰਕਾਰ ਨੇ ਮੁੱਲ ਪਾਇਆ?

ਹਰੀ ਕ੍ਰਾਂਤੀ ਦੇ ਕਾਰਨ, ਪੰਜਾਬ ਵਿੱਚ ਜਿਥੇ ਨਵੇਂ ਬੀਜ, ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਵਧੀ, ਉਥੇ ਖੇਤਾਂ ਵਿੱਚ ਮਸ਼ੀਨਰੀ ਦੀ ਵਰਤੋਂ ਵਿੱਚ ਵੀ ਵਾਧਾ ਹੋਇਆ। ਭਾਰਤ ਵਿੱਚ ਵਰਤੇ ਜਾਂਦੇ ਟਰੈਕਟਰਾਂ ਦਾ14 ਪ੍ਰਤੀਸ਼ਤ ਪੰਜਾਬ 'ਚ ਵਰਤਿਆ ਜਾਂਦਾ ਹੈ। ਕਿਸਾਨਾਂ ਦੇ ਖੇਤੀ ਨਾਲ ਖਰਚ ਵਧੇ।

ਪੰਜਾਬ ਹਰ ਸਾਲ 23 ਮਿਲੀਅਨ ਟਨ ਝੋਨੇ ਦੀ ਪਰਾਲੀ ਅਤੇ 17 ਮਿਲੀਅਨ ਟਨ ਕਣਕ ਦਾ ਭੂਸਾ ਪੈਦਾ ਕਰਦਾ ਹੈ, ਜਿਸ ਵਿਚੋਂ 80 ਪ੍ਰਤੀਸ਼ਤ ਖੇਤਾਂ ਵਿੱਚ ਹਰ ਸਾਲ ਹੀ ਜਲਾ ਦਿੱਤਾ ਜਾਂਦਾ ਹੈ, ਜਿਹੜਾ ਵਾਤਾਵਰਨ ਨੂੰ ਪ੍ਰਦੂਸ਼ਤ ਤਾਂ ਕਰਦਾ ਹੀ ਹੈ, ਮਿੱਤਰ ਕੀੜਿਆਂ ਦੇ ਮਰਨ ਦਾ ਕਾਰਨ ਵੀ ਬਣਦਾ ਹੈ ਅਤੇ ਮਨੁੱਖ ਦੀਆਂ ਸਾਹ ਦੀਆਂ ਤਕਲੀਫਾਂ 'ਚ ਵਾਧਾ ਕਰਦਾ ਹੈ। ਹਰੀ ਕ੍ਰਾਂਤੀ ਕਾਰਨ ਕਿਸਾਨਾਂ ਦੇ ਖੇਤੀ ਨਾਲ ਵਧੇ ਖਰਚਿਆਂ ਅਤੇ ਸਿਹਤਨ ਾਲਹ ੋਈਂ ਖਲਵਾੜਕ ਾਰਨਵ ਧਰ ਹੀਆਂਖ_ਦਕੁਸ਼ੀਆਂਦ ਾ ਜ਼ੁੰਮੇਵਾਰ ਕੌਣ ਹੈ?

ਪੰਜਾਬ 'ਚ ਪਿਛਲੇ ਦੋ ਦਹਾਕਿਆਂ ਵਿੱਚ ਅਬਾਦੀ 'ਚ 45 ਪ੍ਰਤੀਸ਼ਤ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ ਅਤੇ ਪੂਰੇ ਭਾਰਤ 'ਚ ਇਹ ਸੱਤਵਾਂ ਸੂਬਾ ਹੈ ਜਿਥੇ ਵੱਧ ਸ਼ਹਿਰੀਕਰਨ ਹੋ ਰਿਹਾ ਹੈ। ਸ਼ਹਿਰੀਕਰਨ ਦੇ ਕਾਰਨ ਮਿਊਂਸਪਲ ਰਹਿੰਦ ਖੂੰਹਦ, ਪਲਾਸਟਿਕ ਦੀ ਵਰਤੋਂ 'ਚ ਵਾਧਾ ਹੋ ਰਿਹਾ ਹੈ। ਇਸ ਰਹਿੰਦ ਖੂੰਹਦ ਵਿੱਚ 13 ਪ੍ਰਤੀਸ਼ਤ ਰਹਿੰਦ ਖੂੰਹਦ ਮੁੜ ਵਰਤਨ ਯੋਗ ਹੋ ਸਕਦੀ ਹੈ, 36 ਪ੍ਰਤੀਸ਼ਤ ਤੋਂ ਖਾਦ ਤਿਆਰ ਹੋ ਸਕਦੀ ਹੈ, ਪਰ ਪੂਰੇ ਪੰਜਾਬ ਵਿੱਚ ਵੱਡੀਆਂ ਕਾਰਪੋਰੇਸ਼ਨਾਂ ਹੋਣ ਦੇ ਬਾਵਜੂਦ ਵੀ ਇਸ ਕੂੜੇ ਕਰਕਟ, ਰਹਿੰਦ ਖੂੰਹਦ ਦੀ ਸੰਭਾਲ ਦਾ ਕੋਈ ਯੋਗ ਪ੍ਰਬੰਧ ਨਹੀਂ, ਸਿੱਟੇ ਵਲੋਂ ਸ਼ਹਿਰਾਂ 'ਚ ਸਲੱਮ ਬਸਤੀਆਂ ਵੱਧ ਰਹੀਆਂ ਹਨ ਅਤੇ ਗੰਦਗੀ ਦੇ ਢੇਰ ਥਾਂ-ਥਾਂ ਵਿਖਾਈ ਦਿੰਦੇ ਹਨ, ਜੋ ਵਾਤਾਵਰਨ 'ਚ ਵੱਡੇ ਪ੍ਰਦੂਸ਼ਨ ਦਾ ਕਾਰਨ ਬਣ ਰਹੇ ਹਨ ਅਤੇ ਮੱਨੁਖੀ ਸਿਹਤ ਲਈ ਖਤਰਨਾਕ ਹੋ ਰਹੇ ਹਨ। ਪੰਜਾਬ ਹਾਲੀ ਤੱਕ ਤਿੰਨ ਆਰਾਂ ਦੇ ਸਿਧਾਂਤ ਮੁੜ ਵਰਤੋਂ, ਰੀਸਾਈਕਲ, ਰੀਡੂਉਸ ਵੱਲ ਹਾਲੀ ਸਾਰਥਿਕ ਕਦਮ ਨਹੀਂ ਪੁੱਟ ਸਕਿਆ। ਕੀ ਇਹੋ ਜਿਹਾ ਸਰਹੱਦੀ ਸੂਬਾ ਜਿਹੜਾ ਖੇਤੀ ਅਧਾਰਤ ਹੈ, ਪ੍ਰਦੂਸ਼ਨ ਦਾ ਮਾਰਿਆ ਹੋਇਆ ਹੈ , ਦੇਸ਼ ਦੀ ਖਾਤਰ ਜਿਸਨੇ ਆਪਣਾ ਸਾਰਾ ਕੁਝ ਦਾਅ 'ਤੇ ਲਗਾਇਆ ਹੋਇਆ ਹੈ, ਕੀ ਵਿਸ਼ੇਸ਼ ਕੇਂਦਰੀ ਗ੍ਰਾਂਟਾਂ ਦਾ ਹੱਕਦਾਰ ਨਹੀਂ?

ਵਾਤਾਵਰਨ 'ਚ ਪ੍ਰਦੂਸ਼ਨ ਕਾਰਨ, ਨਸ਼ਿਆਂ ਦੀ ਅਲਾਮਤ ਕਾਰਨ, ਭੈੜੇ ਕੀਟਨਾਸ਼ਕਾਂ ਨਾਲ ਯੁਕਤ ਭੋਜਨ ਦੀ ਵਰਤੋਂ ਨਾਲ ਪੰਜਾਬੀਆਂ ਦੀ ਸਰੀਰਕ ਸਿਹਤ 'ਚ ਨਿਘਾਰ ਆ ਰਿਹਾ ਹੈ। ਸੰਤੁਲਿਤ ਭੋਜਨ ਦੀ ਕਮੀ ਕਾਰਨ ਪੈਦਾ ਹੋ ਰਹੇ 50 ਪ੍ਰਤੀਸਤ ਬੱਚੇ ਖਾਸ ਕਰਕੇ ਲੜਕੀਆਂ ਅਨੀਮੀਆਂ (ਖੂਨ ਦੀ ਘਾਟ) ਅਤੇ ਘੱਟ ਭਾਰ ਦਾ ਸ਼ਿਕਾਰ ਹੋ ਰਹੇ ਹਨ। ਮਾਵਾਂ ਦੇ ਦੁੱਧ 'ਚ ਡੀ.ਡੀ.ਟੀ. ਅਤੇ ਹੋਰ ਕੀਟਨਾਸ਼ਕਾਂ ਦਾ ਹੋਣਾ ਨਵਜੰਮੇ ਬੱਚੇ ਲਈ ਨਵੀਆਂ ਬੀਮਾਰੀਆਂ ਦਾ ਕਾਰਨ ਹੈ। ਭੈੜੇ ਵਾਤਾਵਰਨ ਨਸ਼ਿਆਂ ਤੇ ਨਿਘਰਦੀ ਸਿਹਤ ਕਾਰਨ ਪੰਜਾਬੀ ਵਿਆਹੇ ਜੋੜੇ, ਅੱਗੋਂ ਔਲਾਦ ਪੈਦਾ ਕਰਨ ਦੇ ਅਯੋਗ ਹੋ ਰਹੇ ਹਨ। ਕੀ ਇਹ ਸਭ ਕੁਝ ਕੁਦਰਤੀ ਨੇਮਾਂ ਦੇ ਉੱਲਟ ਮਨੁੱਖੀ ਵਰਤਾਰੇ ਕਾਰਨ ਨਹੀਂ ਹੈ? ਕੀ ਇਹ ਸਭ ਕੁਝ ਵਾਤਾਵਰਨ ਨਾਲ ਖਿਲਵਾੜ ਦਾ ਸਿੱਟਾ ਨਹੀਂ? ਦਰਖਤਾਂ ਦਾ ਕੱਟੇ ਜਾਣਾ ਅਤੇ ਮੁੜ ਉਸੇ ਗਿਣਤੀ ਤੇ ਮਿਕਦਾਰ ਵਿੱਚ ਇਨ੍ਹਾਂ ਦਾ ਨਾ ਲਗਾਏ ਜਾਣਾ, ਪੁਰਾਣੇ ਸਮਿਆਂ ਵਾਂਗਰ ਬਰਸਾਤ ਦੇ ਪਾਣੀ ਦਾ ਛੱਪੜਾਂ ਵਿੱਚ ਇਕੱਠੇ ਨਾ ਕਰਕੇ ਅੰਜਾਈ ਵਗਣ ਦਿਤੇ ਜਾਣਾ, ਪੰਜਾਬ ਦੇ ਹਰੇ ਭਰੇ ਵਾਤਾਵਰਨ ਨੂੰ ਪਲੀਤੀ ਲਗਾਉਣ ਤੁਲ ਹੋਇਆ ਹੈ। ਕਿਆਸ ਕਰੋ ਕਿ ਪੰਜਾਬ ਦੇ ਮੈਦਾਨੀ ਇਲਾਕਿਆਂ 'ਚ ਜਿਥੇ ਘੱਟੋ ਘੱਟ 13 ਪ੍ਰਤੀਸ਼ਤ ਦਰੱਖਤਾਂ ਦੀ ਲੋੜ ਸੀ, ਉੱਥੇ ਇਹ ਮਸਾਂ 3 ਪ੍ਰਤੀਸ਼ਤ ਹਨ। ਪੰਜਾਬ ਦੇ ਨੀਮ ਪਹਾੜੀ ਇਲਾਕਿਆਂ 'ਚ ਜਿਥੇ 30 ਪ੍ਰਤੀਸ਼ਤ ਦਰੱਖਤਾਂ ਦੀ ਪੰਜਾਬ ਦੇ ਸੰਤੁਲਿਤ ਵਾਤਾਵਰਨ ਲਈ ਲੋੜ ਸੀ ਉੱਥੇ ਇਹ ਮਸਾਂ 10 ਪ੍ਰਤੀਸ਼ਤ ਹਨ। ਸਿੱਟਾ ਬਰਸਾਤਾਂ ਦੀ ਕਮੀ 'ਚ ਨਿਕਲ ਰਿਹਾ ਹੈ। ਜਿਸ ਨਾਲ ਖਾਸ ਕਰਕੇ ਕਿਸਾਨਾਂ ਨੂੰ ਫਸਲਾਂ ਉਗਾਉਣ ਲਈ ਹੋਰ ਸਿੰਜਾਈ ਸਾਧਨ ਵਰਤਣ ਕਰਕੇ ਆਰਥਿਕ ਬੋਝ ਤਾਂ ਸਹਿਣਾ ਹੀ ਪੈਂਦਾ ਹੈ, ਪ੍ਰਦੂਸ਼ਿਤ ਵਾਤਾਵਰਨ ਦੀ ਧੋ-ਧੁਆਈ ਦੇ ਕੰਮ 'ਚ ਹੀ ਵੱਡਾ ਵਿਘਨ ਪੈਂਦਾ ਹੈ। ਕੀ ਕੁਦਰਤ ਦੀ ਮਾਰ ਸਹਿ ਰਹੀ ਪੰਜਾਬ ਦੀ ਇਸ ਧਰਤੀ ਪ੍ਰਤੀ ਹਾਕਮਾਂ ਦੀ ਕੋਈ ਜ਼ੁੰਮੇਵਾਰੀ ਨਹੀਂ?

ਪੰਜਾਬ ਦੇ 12,500 ਪਿੰਡਾਂ ਵਿਚੋਂ ਵੱਡੀ ਗਿਣਤੀ ਪਿੰਡਾਂ ਦੇ ਲੋਕਾਂ ਨੂੰ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਕਮੀ ਹੈ, ਨਤੀਜਾ ਲੋਕਾਂ ਨੂੰ ਸਧਾਰਨ ਨਲਕਿਆਂ ਦਾ ਪਾਣੀ ਪੀਣ ਲਈ ਮਜਬੂਰ ਹੋਣਾ ਪੈਂਦਾ ਹੈ। ਗੰਦੇ ਪਾਣੀ ਪੀਣ ਕਾਰਨ ਪਿੰਡਾਂ 'ਚ ਲੋਕ ਬੀਮਾਰ ਹੁੰਦੇ ਹਨ, ਜਿਨ੍ਹਾਂ ਲਈ ਲੋੜੀਂਦੀਆਂ ਸਿਹਤ ਸਹੂਲਤਾਂ ਵੀ ਉਪਲੱਬਧ ਨਹੀਂ। ਖਾਸ ਕਰਕੇ ਪਿੰਡਾਂ 'ਚ, ਸ਼ਹਿਰਾਂ ਦੇ ਸੱਲਮ ਖੇਤਰ 'ਚ ਲੈਟਰੀਨਾਂ ਦੀ ਸਹੂਲਤ ਉਪਲੱਬਧ ਨਹੀਂ ਭਾਵ ਘਰਾਂ 'ਚ ਜਾਂ ਸਾਂਝੇ ਥਾਵਾਂ ਤੇ ਖਾਰਜ ਹੋਣ ਲਈ ਲੋਕਾਂ ਨੂੰ ਖੁਲ੍ਹੇ 'ਚ ਲੈਟਰੀਨ ਜਾਣਾ ਪੈਂਦਾ ਹੈ। ਪੰਜਾਬ ਦੇ ਪਿੰਡਾਂ ਦੀ ਇਸ ਸਬੰਧੀ ਹਾਲਤ ਇੰਨੀ ਨਿਕੰਮੀ ਹੈ ਕਿ ਪਿਛਲੀ ਕੇਂਦਰੀ ਸਰਕਾਰ ਵਲੋਂ "ਨਿਰਮਲ ਗ੍ਰਾਮ ਯੋਜਨਾ" ਵਿੱਚ ਪੰਜਾਬ ਦੇ ਮਸਾਂ ਦਰਜਨ ਕੁ ਪਿੰਡ ਚੁਣੇ ਗਏ ਹਨ ਜਦ ਕਿ ਹੋਰਨਾਂ ਸੂਬਿਆਂ 'ਚ ਇਹ ਗਿਣਤੀ ਕਾਫੀ ਵੱਡੀ ਹੈ। ਭਾਵ ਪੰਜਾਬ ਦੇ ਦਰਜਨ ਕੁ ਭਰ ਪਿੰਡ ਹੀ ਇਹੋ ਜਿਹੇ ਹਨ, ਜਿਥੇ ਦੇ ਹਰ ਘਰ 'ਚ ਟੱਟੀ ਘਰ ਦੀ ਸੁਵਿਧਾ ਹੈ, ਬਾਕੀਆਂ ਨੂੰ ਖੁਲ੍ਹੇ 'ਚ ਹੀ ਖਾਲਸ ਹੋਣ ਲਈ ਜਾਣਾ ਪੈਂਦਾ ਹੈ, ਜਿਸ ਨਾਲ ਬਹੁਤ ਸਾਰੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ।

ਪਿੰਡਾਂ ਦੇ ਪਿੰਡ ਗਲੀਆਂ ਨਾਲੀਆਂ 'ਚ ਗੰਦੇ ਪਾਣੀ ਦੇ ਨਿਕਾਸ ਲਈ ਯੋਗ ਪ੍ਰਬੰਧ ਨਹੀਂ ਕਰ ਸਕੇ, ਸਿੱਟਾ ਗੰਦਗੀ 'ਚ ਨਿਕਲਦਾ ਹੈ, ਜੋ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ। ਸ਼ਹਿਰਾਂ 'ਚ ਸੀਵਰੇਜ ਦਾ 100 ਪ੍ਰਤੀਸ਼ਤ ਪ੍ਰਬੰਧ ਨਹੀਂ ਹੈ, ਨਾ ਸੀਵਰੇਜ ਦੇ ਪਾਣੀ ਨੂੰ ਟਰੀਟ ਕਰਨ ਦਾ। ਸਿੱਟਾ ਜਲੰਧਰ ਲੁਧਿਆਣਾ ਵਰਗੇ ਵੱਡੇ ਸ਼ਹਿਰਾਂ ਦੇ ਸੀਵਰੇਜ ਦਾ ਪਾਣੀ ਖਾਲਿਆਂ ਨਾਲਿਆਂ 'ਚ ਜਾ ਕੇ ਲਾਗਲੇ ਪਿੰਡਾਂ ਲਈ ਸਮੱਸਿਆਵਾਂ ਤਾਂ ਪੈਦਾ ਕਰਦਾ ਹੀ ਹੈ, ਨਾਲ ਦੀ ਨਾਲ ਜਿਸ ਨਦੀ, ਦਰਿਆ 'ਚ ਇਹ ਪਾਣੀ ਡਿਗਦਾ ਹੈ, ਉਸ ਨਦੀ, ਦਰਿਆ ਨੂੰ ਦੂਸ਼ਿਤ ਕਰਦਾ ਹੈ। ਲੁਧਿਆਣਾ ਦਾ ਬੁੱਢਾ ਨਾਲਾ ਇਸ ਦੀ ਪ੍ਰਤੱਖ ਉਦਾਹਰਨ ਹੈ। ਪਤਾ ਨਹੀਂ ਕਿਉਂ ਸਰਕਾਰਾਂ ਅੱਖੀਂ ਦੇਖ ਮੱਖੀ ਨਿਗਲ ਰਹੀਆਂ ਹਨ?

ਘਰਾਂ, ਦਫਤਰਾਂ 'ਚ ਪੈਦਾ ਹੋ ਰਿਹਾ ਈ-ਕਚਰਾ, ਘਰਾਂ 'ਚ ਵਰਤੇ ਜਾਂਦੇ ਡਿਟਰਜੈਂਟ, ਸੁੱਖ ਸੁਵਿਧਾ ਲਈ ਵਰਤੇ ਜਾਂਦੇ ਮੋਟਰ ਸਾਈਕਲ, ਕਾਰਾਂ, ਏਅਰ ਕੰਡੀਸ਼ਨਰ, ਫਰਿਜ਼ਾਂ ਪ੍ਰਦੂਸ਼ਨ ਦਾ ਵੱਡਾ ਕਾਰਨ ਬਣੇ ਹੋਏ ਹਨ, ਜਿਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਸੁਭਾਵਕ ਤੌਰ 'ਤੇ ਹੀ ਆਪਣੇ ਉੱਤੇ ਲੱਦ ਲਿਆ ਹੈ, ਜੋ ਅਸਲ ਮਾਅਨਿਆਂ 'ਚ "ਆ ਬੈਲ ਮੁਝੇ ਮਾਰ" ਦੀ ਕਹਾਵਤ ਨੂੰ ਪੂਰਿਆ ਕਰਦੇ ਹਨ, ਕਿਉਂਕਿ ਇਹ ਸਭ ਕੁਝ ਮਨੁੱਖੀ ਸਰੀਰ ਲਈ ਘਾਤਕ ਬਣ ਰਿਹਾ ਹੈ। ਇਸ ਸਮੇਂ ਪੰਜਾਬ 'ਚ ਸਿਹਤ ਅਤੇ ਵਾਤਾਵਰਨ ਪੱਖੋਂ ਜਿਸ ਕਿਸਮ ਦੇ ਭੈੜੇ ਹਾਲਾਤ ਬਣਦੇ ਜਾ ਰਹੇ ਹਨ, ਉਹ ਤੁਰੰਤ ਸਿਹਤ ਅਤੇ ਵਾਤਾਵਰਨ ਸੰਕਟਕਾਲੀਨ (ਐਮਰਜੈਂਸੀ) ਲਗਾਏ ਜਾਣ ਦੀ ਮੰਗ ਕਰਦੇ ਹਨ। ਜਿਵੇਂ ਕੇਂਦਰੀ ਅਤੇ ਸੂਬਾ ਸਰਕਾਰਾਂ ਇਨ੍ਹਾਂ ਗੰਭੀਰ ਮਸਲਿਆਂ ਪ੍ਰਤੀ ਬੇ ਧਿਆਨੀਆਂ ਹਨ, ਉਸ ਨਾਲ ਇਹੋ ਜਿਹੇ ਹਾਲਾਤ ਬਣ ਰਹੇ ਹਨ ਕਿ ਪੰਜਾਬ ਦੀ ਸੱਭਿਅਤਾ ਦਾ ਨੇੜ-ਭਵਿੱਖ ਵਿੱਚ ਖਾਤਮਾ ਯਕੀਨੀ ਹੈ।

# ਸੁੰਗੜਦਾ ਜਾ ਰਿਹਾ ਮਨੁੱਖ

ਅੱਜ ਤੋਂ 25-30 ਸਾਲ ਪਹਿਲਾਂ ਦਾ ਸਮਾਂ। ਪਿੰਡ 'ਚ ਗੁਆਂਢੀਆਂ ਦੀ ਕੁੜੀ ਦਾ ਵਿਆਹ। ਪਿੰਡ ਦੀ ਧੀ ਦੇ ਵਿਆਹ ਦਾ ਹਰ ਇਕ ਨੂੰ ਚਾਅ। ਆਪਣੀ ਸਮਰੱਥਾ ਅਨੁਸਾਰ ਵਿਆਹ ਦੇ ਹਰ ਕਾਰਜ 'ਚ ਸਹਾਈ ਹੋ ਰਿਹਾ ਪਿੰਡ ਦਾ ਹਰ ਸਖ਼ਸ਼। ਸਾਰਿਆਂ ਦੇ ਮਨਾਂ ਵਿਚ ਕਾਰਜ ਨੂੰ ਸੁਚਾਰੂ ਢੰਗ ਨਾਲ ਸੰਪੂਰਨ ਕਰਨ ਦੀ ਇੱਛਾ। ਹਰ ਰਸਮ ਨਾਲ ਨਿੱਜੀ ਤੌਰ 'ਤੇ ਜੁੜਿਆ ਹਰ ਬਸ਼ਿੰਦਾ। ਸਵੇਰੇ-ਸਵੇਰੇ ਪਿੰਡ 'ਚੋਂ ਦੁੱਧ ਤੇ ਲੱਸੀ ਇਕੱਠਾ ਕਰਦੇ ਚੋਬਰ। ਸ਼ਾਮ ਨੂੰ ਪ੍ਰਾਹੁਣਿਆਂ ਤੇ ਬਰਾਤੀਆਂ ਲਈ ਮੰਜੇ ਬਿਸਤਰੇ ਇਕੱਠੇ ਕਰਨਾ। ਲਾਗੀਆਂ ਦੀਆਂ ਮੌਜਾਂ। ਵਾਰਨੇ ਤੇ ਚੱਕਵੀਂ ਰੋਟੀ। ਅੱਧੀ-ਅੱਧੀ ਰਾਤ ਤੀਕ ਪੈਂਦਾ ਗਿੱਧਾ ਅਤੇ ਨਾਨਕਾ ਮੇਲ ਵੱਲੋਂ ਕਿਸੇ ਦੀ ਉਲਟਾਈ ਮੰਜੀ, ਕਿਲਿਆਂ ਤੋਂ ਡੰਗਰ ਖੋਲ੍ਹਣਾ ਅਤੇ ਪਿੰਡ ਦੀ ਹਰ ਨੁੱਕਰ 'ਚ ਗਿੱਧੇ ਦੀ ਧਮਾਲ। ਸਾਂਝਾ ਕਾਰਜ, ਸਾਂਝੇ ਚਾਅ, ਸਾਰਿਆਂ ਦੇ ਸ਼ਾਹੀ ਮਿਆਉਂਦੇ।



ਸ਼ਾਮੀਂ ਘੁਸਮੁਸੇ 'ਚ ਕਿਸੇ ਨੇ ਘਰ ਦੀ ਬੈਲ ਵਜਾਈ। ਬਾਹਰ ਆਇਆ ਤਾਂ ਸਕੂਟਰ 'ਤੇ ਆਇਆ ਢੋਲ ਵਾਲਾ, ਮੇਰੇ ਕੋਲੋਂ ਪੁੱਛੇ ਕਿ ਇਥੇ ਤੁਹਾਡੇ ਗੁਆਂਢ ਕਿਨ੍ਹਾਂ ਦੀ ਬਰਾਤ ਵਿਆਹੁਣ ਗਈ ਏ? ਮੈਂ ਬਥੇਰਾ ਸੋਚਾਂ ਕਿ ਸਵੇਰ ਦਾ ਤਾਂ ਮੈਂ ਘਰ ਹੀ ਹਾਂ ਫਿਰ ਇਥੋਂ ਕਿਹੜੀ ਬਰਾਤ ਵਿਆਹੁਣ ਗਈ ਏ? ਕੋਈ ਪਤਾ ਨਾ ਲੱਗਿਆ। ਗੁਆਂਢ 'ਚ ਕਿਸੇ ਨੂੰ ਕੋਈ ਪਤਾ ਨਹੀਂ। ਕੋਈ ਵਾਜਾ ਨਹੀਂ। ਕੋਈ ਰੌਣਕ ਜਾਂ ਰੌਲਾ-ਰੱਲਾ ਨਹੀਂ। ਢੋਲ ਵਾਲਾ ਵੀ ਹੈਰਾਨ। ਉਸ ਨੇ ਦੁਬਾਰਾ ਮੋਬਾਇਲ 'ਤੇ ਫ਼ੋਨ ਕਰਕੇ ਪਤਾ ਕੀਤਾ ਤਾਂ ਮੈਨੂੰ ਪਤਾ ਲੱਗਾ ਕਿ ਅੱਜ ਮੇਰੇ ਹੀ ਗੁਆਂਢੀਆਂ ਦਾ ਮੁੰਡਾ ਵਿਆਹੁਣ ਗਿਆ ਏ। ਕਿਹੋ ਜਿਹਾ ਸਮਾਂ ਆ ਗਿਆ ਏ ਕਿ ਸਾਂਝੀ ਕੰਧ ਵਾਲੇ ਨੂੰ ਵੀ ਵਿਆਹ ਦਾ ਪਤਾ ਨਹੀਂ।

ਮਨੁੱਖ ਨੂੰ ਵਹਿਮ ਹੋ ਗਿਆ ਏ ਆਪਣੀ ਸਮਰੱਥਾ ਦਾ, ਆਪਣੇ ਸਾਧਨਾਂ ਦਾ ਅਤੇ ਆਪਣੀ ਹਿੰਮਤ ਦਾ। ਤਾਹੀਓਂ ਤਾਂ ਮੈਰਿਜ ਪੈਲੇਸਾਂ ਵਿਚ ਹੁੰਦੇ ਵਿਆਹਾਂ ਵਿਚ ਲੋਕ ਹਾਜ਼ਰੀ ਲਗਵਾਉਣ ਜਾਂ ਖਾਣ-ਪੀਣ ਹੀ ਜਾਂਦੇ ਨੇ। ਉਨ੍ਹਾਂ ਦੀ ਕਾਰਜ ਵਿਚ ਕੋਈ ਸ਼ਮੂਲੀਅਤ ਨਹੀਂ ਹੁੰਦੀ। ਭਾਵੇਂ ਨਵੇਂ ਰਿਸ਼ਤੇਦਾਰਾਂ ਨੂੰ ਮਾਣ-ਸਨਮਾਨ ਦੇਣ ਦੀ ਗੱਲ ਹੋਵੇ, ਅਨੰਦ-ਕਾਰਜ ਦੀ ਪਵਿੱਤਰ ਰਸਮ ਹੋਵੇ ਜਾਂ ਡੋਲੀ ਦੀ ਵਿਦਾਇਗੀ ਦਾ ਵਕਤ ਹੋਵੇ।

ਮਨੁੱਖੀ ਸਾਧਨਾਂ ਦੀ ਗਿਣਤੀ ਵੱਧ ਰਹੀ ਏ। ਸੁੱਖ-ਸੁਵਿਧਾਵਾਂ ਵੱਧ ਰਹੀਆਂ ਨੇ ਪਰ ਮਨੁੱਖ ਸੁੰਘੜ ਰਿਹਾ ਏ।

ਕਿਹੋ ਜਿਹੇ ਵਕਤ ਆ ਗਏ ਨੇ ਕਿ ਅਸੀਂ ਖੁਸ਼ੀ ਦੇ ਪਲ ਸਾਂਝੇ ਕਰਨਾ ਵੀ ਮੁਨਾਸਬ ਨਹੀਂ ਸਮਝਦੇ ਜਦ ਕਿ ਖੁਸ਼ੀ ਵੰਡਿਆ ਦੂਣ ਸਵਾਈ ਹੁੰਦੀ ਏ। ਫਿਰ ਕੌਣ ਦੁੱਖ ਸਾਂਝੇ ਕਰਨ ਦਾ ਹੀਆ ਕਰੇਗਾ?

ਗਵਾਚ ਗਏ ਨੇ ਸਾਡੇ ਸੰਸਕਾਰ, ਮਨਫ਼ੀ ਹੋ ਗਿਆ ਏ ਆਪਸੀ ਸਤਿਕਾਰ, ਅਲੋਪ ਹੋ ਗਿਆ ਏ ਰੋਜ਼ਾਨਾ ਜੀਵਨ ਦਾ ਵਿਧੀ-ਵਿਹਾਰ ਅਤੇ ਗੁੰਮ ਹੋ ਰਿਹਾ ਏ ਸਾਡਾ ਸਮਾਜਕ ਕਿਰਦਾਰ।

ਮਨੁੱਖੀ ਗਿਆਨ ਫੈਲਣ ਨਾਲ, ਪ੍ਰਦੂਸ਼ਣ ਫੈਲ ਰਿਹਾ ਏ, ਸਾਰੀ ਧਰਤ ਅਤੇ ਇਸਦੇ ਖਜ਼ਾਨਿਆਂ ਨੂੰ ਹੜੱਪਣ ਦੀਆਂ ਲਾਲਸਾਵਾਂ ਫੈਲ ਰਹੀਆਂ ਨੇ, ਪਰ ਮਨੁੱਖ ਆਪਣੇ ਮੁਫ਼ਾਦ ਦੇ ਦਾਇਰੇ 'ਚੋਂ ਬਾਹਰ ਆਉਣ ਦੀ ਲੋੜ ਹੀ ਨਹੀਂ ਸਮਝਦਾ। ਉਸਦੀ ਦੁਨੀਆਂ, ਉਸਦੇ ਆਪੇ ਦੀਆਂ ਭੁੱਲ-ਭੁਲਈਆਂ 'ਚ ਗਵਾਚ ਗਈ ਏ।

ਆਪੇ 'ਚ ਗਵਾਚੇ ਹੋਏ ਮਨੁੱਖ ਨੂੰ ਭੁੱਲ ਗਿਆ ਏ ਘਰ ਪਰਿਵਾਰ। ਆਪਣੇ ਕਾਰ-ਵਿਹਾਰ, ਵਿਓਪਾਰ ਜਾਂ ਰਾਂਗਲੇ ਸੰਸਾਰ 'ਚ ਗਵਾਚੇ ਵਿਅਕਤੀ ਨੂੰ ਕਈ ਵਾਰ, ਆਪਣੇ ਬੱਚੇ ਦਾ ਨਾਂ ਅਤੇ ਉਹ ਕਿਸ ਕਾਲਜ/ਸਕੂਲ ਵਿਚ ਪੜ੍ਹਦਾ ਹੈ ਬਾਰੇ ਜਾਨਣ ਲਈ ਦਿਮਾਗ਼ 'ਤੇ ਭਾਰ ਪਾਉਣਾ ਪੈਂਦਾ ਏ।

ਆਪੇ ਵਿਚ ਸੁੰਗੜਿਆ ਮਨੁੱਖ, ਆਪਣੀਆਂ ਖੁਸ਼ੀਆਂ ਸੰਤਾਪ ਰਿਹਾ ਏ, ਗ਼ਮਾਂ ਦੀ ਭੱਠੀ ਵਿਚ ਸੜ ਰਿਹਾ ਏ। ਹਾਉਕਿਆਂ ਦੇ ਸੇਕ 'ਚ ਝੁਲਸ ਰਿਹਾ ਏ।

ਸੁੰਗੜਿਆ ਮਨੁੱਖ ਕਿਵੇਂ ਫੈਲੇਗਾ? ਕਿਵੇਂ ਹੋਵੇਗਾ ਉਸਦੀ ਸੋਚ ਦੇ ਸੁਪਨਿਆਂ ਦਾ ਵਿਸਥਾਰ? ਕਿਵੇਂ ਉਸਾਰੇਗਾ, ਆਪਣੇ ਆਲੇ-ਦੁਆਲੇ 'ਚ

ਜਿਊਣ ਜੋਗਾ ਸੰਸਾਰ? ਕਿੰਝ ਸ਼ਬਦਾਂ 'ਚ ਉਸਾਰੇਗਾ ਪਿਆਰ ਅਤੇ ਕਿਹੜੇ ਸਮਿਆਂ ਦੇ ਖਲਾਅ 'ਚੋਂ ਭਾਲੇਗਾ ਸੂਰਜਾਂ ਦਾ ਅੰਬਾਰ?

ਜਦੋਂ ਮਨੁੱਖੀ ਸਰੋਕਾਰਾਂ 'ਚੋਂ ਸਮੂਹਕ ਬਿਰਤੀ ਖੁਰ ਜਾਵੇ ਤਾਂ ਤਿੜਕਦੇ ਨੇ ਰਿਸ਼ਤੇ, ਟੁੱਟਦੇ ਨੇ ਪਰਿਵਾਰ, ਬਿਖਰਦਾ ਏ ਸਮਾਜ ਅਤੇ ਨੀਆਂ ਦੀ ਅਲਾਮਤ 'ਚ ਡੁੱਬ ਜਾਂਦਾ ਏ ਆਪਣੇ ਵਕਤ ਦਾ ਸ਼ਾਹ ਅਸਵਾਰ।

ਇਕ ਬਿੰਦੂ 'ਤੇ ਸਿਮਟਿਆ ਮਨੁੱਖ, ਬਿੰਦੂ ਤੋਂ ਬਿੰਦੂ ਤੀਕ ਦਾ ਸਫ਼ਰ ਤਹਿ ਕਰਨ ਲਈ ਕਿਥੋਂ ਲਿਆਏਗਾ ਹੌਂਸਲਾ, ਕਿਹੜੀ ਬਣੇਗੀ ਦ੍ਰਿੜ੍ਹਤਾ ਅਤੇ ਕਿਨ੍ਹਾਂ ਪੈਂਡਿਆਂ ਦਾ ਬਣੇਗਾ ਰਾਹੀ?

ਛੱਪੜੀ ਦਾ ਪਾਣੀ ਹਮੇਸ਼ਾ ਬੋਅ ਮਾਰਦਾ ਏ। ਪਾਣੀ ਪੀਣ ਲਈ ਛੱਪੜੀ 'ਚ ਵੜੀ ਮੱਝ ਵੀ ਚਿੱਕੜ ਨਾਲ ਲਿੱਬੜ ਜਾਂਦੀ ਏ ਅਤੇ ਸ਼ੰਕਿਆ 'ਚ ਉਸਦੀ ਹੋਂਦ ਹੀ ਅਲੋਪ ਹੋ ਜਾਂਦੀ ਏ। ਮਨੁੱਖ ਨੂੰ ਕੱਸੀ ਜਾਂ ਸੂਆ ਬਣਨ ਦੀ ਲੋੜ ਏ।

ਕਿਥੇ ਗੁੰਮ ਗਿਆ ਏ ਮਨੁੱਖ ਜਿਸਦੀਆਂ ਲੋੜਾਂ ਤੇ ਥੁੜਾਂ ਸਾਂਝੀਆਂ ਸਨ, ਖੁਸ਼ੀ ਤੇ ਗ਼ਮੀ ਦੌਰਾਨ ਭਾਈਵਾਲੀ ਸੀ। ਸਾਂਝੇ ਸਨ ਚਾਅ ਤੇ ਰੋਸੇ, ਰੋਣ ਤੇ ਹਾਸੇ, ਦਰਦ ਤੇ ਦਿਲਾਸੇ, ਸਾਉਣ ਤੇ ਚੌਮਾਸੇ ਅਤੇ ਘੱਗਰੇ ਤੇ ਚੰਦਾਸੇ। ਸਾਂਝੀਆਂ ਹੁੰਦੀਆਂ ਸਨ ਵਾਹੀਆਂ, 'ਕੱਠੇ ਵਗਦੇ ਸੀ ਫਲ੍ਹੇ। ਸਭ ਲਈ ਹੁੰਦੇ ਸੀ ਲਵੇਰੇ। ਚਾਚੀਆਂ, ਤਾਈਆਂ ਦੇ ਚੌਂਕੇ 'ਚੋਂ ਖਾਣਾ, ਪੀਣਾ ਨਿੱਤ ਦਾ ਵਰਤਾਰਾ ਸੀ। ਹਰ ਕੋਈ ਮੋਹ ਕਰਦਾ ਸੀ। ਸਭ ਦੀ ਸਲਾਮਤੀ ਦਾ ਦਮ ਭਰਦਾ ਸੀ। ਇਕ ਦੂਜੇ ਉਪਰ ਨਿਰਭਰਤਾ ਕਾਰਨ, ਮਨੁੱਖੀ ਸਾਂਝ ਤੇ ਪਿਆਰ ਦਾ ਦਾਇਰਾ ਬੜਾ ਵਸੀਹ ਸੀ। ਵਸੀਲਿਆਂ ਦੀ ਬਹੁਤਾਤ ਕਾਰਨ, ਪਾਟੀ ਹੋਈ ਨਿਰਭਰਤਾ ਨੇ ਮਨੁੱਖ ਨੂੰ ਸੰਗੋੜਿਆ ਏ ਅਤੇ ਉਹ ਇਕੱਲ ਹੰਢਾਉਂਦਾ, ਉਦਾਸ ਪਲਾਂ ਦਾ ਕਲਾਮ ਮੁੜਨ ਲਈ ਮਜਬੂਰ ਏ।

ਸਾਂਝੇ ਪਰਿਵਾਰਾਂ ਦੇ ਤਿੜਕੇ ਸੰਦਰਭ ਨੇ ਸਾਡੇ ਨਾਵੇਂ ਕੀਤੀ ਏ, ਹਰ ਜੀਅ ਲਈ ਆਪੋ-ਆਪਣੇ ਕਮਰਿਆਂ ਦੀ ਕੈਦ। ਘਰ ਦੇ ਵਡੇਰਿਆਂ ਕੋਲੋਂ ਮੱਤਾਂ ਲੈਣ ਦੀ ਉਮਰ ਵਿਹਾ ਗਈ ਏ। ਬੱਚਿਆਂ ਨੂੰ ਚੰਗੀਆਂ ਨਹੀਂ ਲੱਗਦੀਆਂ, ਦਾਦੀ ਦੀਆਂ ਕਹਾਣੀਆਂ ਜਾਂ ਨਾਨੀ ਦੀਆਂ ਬਾਤਾਂ। ਟੀ.ਵੀ., ਕੰਪਿਊਟਰ ਨੇ ਬੱਚੇ ਦੀ ਸਮਾਜਕ ਤੇ ਪਰਿਵਾਰਕ ਸੋਚ ਨੂੰ ਵਿਕਸਿਤ ਹੋਣ ਤੋਂ ਵਰਜ ਦਿੱਤਾ ਏ।

ਕਿਸੇ ਦਾ ਦਰਦ ਹੰਢਾਉਣ ਦੀ ਫ਼ਿਤਰਤ ਮਰ ਚੁੱਕੀ ਏ। ਹੁਣ ਅਸੀਂ ਸੰਗ ਦੇ ਸਮੇਂ ਜਾ ਕੇ ਵੀ ਅਹਿਸਾਨ ਜਤਾਉਂਦੇ ਹਾਂ। ਜੇ ਕਿਧਰੇ ਮ੍ਰਿਤਕ ਦੀ ਲਾਸ਼ ਨੂੰ ਰਾਤ ਰੱਖਣਾ ਪੈ ਜਾਵੇ ਤਾਂ ਕੋਈ ਰਾਤ ਕਟਾਉਣ ਲਈ ਤਿਆਰ ਨਹੀਂ ਹੋਵੇਗਾ। ਹਰ ਕੋਈ ਆਪਣੇ ਰੁਝੇਵਿਆਂ ਦਾ ਬਹਾਨਾ ਪਾ ਕੇ ਖਿਸਕਣ ਦੀ ਤਿਆਰੀ ਕਰੇਗਾ।

ਉਹ ਆਪਣੀ ਲਾਸ਼ 'ਤੇ ਕੀਰਨੇ ਪਾਉਂਦਾ ਰਿਹਾ, ਪਰ ਨਾਲ ਦਾ ਕਮਰਾ ਗੁਣਗੁਣਾਉਂਦਾ ਰਿਹਾ ਵਰਗਾ ਕਰੂਰ ਸੱਚ, ਕੀ ਸਾਡੇ ਪੱਲਾਂ ਦਾ ਨਸੀਬ ਵੀ ਬਣਨਾ ਸੀ?

ਸਿਮਟ ਰਿਹਾ ਮਨੁੱਖ, ਹਾਉਕਾ ਏ ਮਾਨਵਤਾ ਲਈ, ਗ਼ਮ ਦਾ ਗੋਲਾ ਏ ਇਨਸਾਨੀਅਤ ਲਈ ਅਤੇ ਪ੍ਰਸ਼ਨ ਚਿੰਨ੍ਹ ਏ ਆਦਮੀਅਤ ਦੀ ਸਦੀਵਤਾ 'ਤੇ।

ਮਨੁੱਖ ਦੇ ਸੁੰਗੜਨ ਨਾਲ, ਸੁੰਗੜ ਰਹੇ ਨੇ ਜੰਗਲ ਤੇ ਬੇਲੇ, ਡਰ ਦੀ ਮਾਰੀ ਲੁਕਦੀ ਫਿਰਦੀ ਏ ਕਾਇਨਾਤ। ਕੁਦਰਤ ਦੀਆਂ ਰਹਿਮਤਾਂ ਦੀ ਬੇਅਦਬੀ 'ਚੋਂ, ਅਸੀਂ ਝੋਲੀ 'ਚ ਪੁਵਾ ਲਏ ਨੇ ਰੰਗ ਤੇ ਸੋਗ।

ਸੁੰਗੜਿਆ ਮਨੁੱਖ, ਸੁੰਗੜੀ ਸੋਚ ਨੂੰ ਮਨ 'ਚ ਪਾਲਦਾ, ਸੁੰਗੜੇ ਵਿਅਕਤੀਤਵ ਦੀ ਘਾੜਤ ਬਣਦਾ ਏ ਜਿਸ 'ਚੋਂ ਸਮੁੱਚੇ ਸਰੋਕਾਰਾਂ ਦੀ ਨਿਸ਼ਾਨੇਦੇਹੀ ਤੁਸੀਂ ਕਿੰਝ ਕਰੋਗੇ? ਤਲਾਕਾਂ ਦੀ ਵੱਧ ਰਹੀ ਗਿਣਤੀ, ਆਤਮ ਹੱਤਿਆਵਾਂ ਦਾ ਆਮ ਹੋ ਰਿਹਾ ਰੁਝਾਨ, ਘਰੋਂ ਦੌੜ ਜਾਣ ਦੀ ਬਿਰਤੀ ਜਾਂ ਨਸ਼ਿਆਂ ਦਾ ਲਿਆ ਜਾ ਰਿਹਾ ਆਸਰਾ, ਮਨੁੱਖ ਦੀ ਟੁੱਟ-ਭੱਜ ਦੇ ਗਵਾਹ ਹਨ।

ਮਾਰੂਥਲ ਫੈਲ ਰਿਹਾ ਏ, ਸ਼ਹਿਰ ਵੱਡਾ ਹੋ ਰਿਹਾ ਏ, ਮਹਿਲ ਉਸਰ ਰਹੇ ਨੇ ਪਰ ਘਰ ਸੁੰਗੜ ਰਿਹਾ ਏ, ਪਰਿਵਾਰ ਨਿੱਕਾ ਹੋ ਰਿਹਾ ਏ ਅਤੇ ਮਨੁੱਖ ਬੌਣਾ।

ਗਮਲਿਆਂ 'ਚ ਉਗਾਂਦੇ ਪਿੱਪਲਾਂ 'ਤੇ ਪੀਂਘਾਂ ਕਿੰਝ ਪੈਣਗੀਆਂ? ਕੌਣ ਮੌਲੀ ਬੰਨ੍ਹ ਕੇ ਮੰਨਤਾਂ ਮੰਗਦਿਆਂ ਪਾਣੀ ਪਾਵੇਗਾ? ਕਿੰਝ ਇਹ ਪਿੱਪਲ, ਆਦਮੀ ਦੀ ਖ਼ੈਰ ਮਨਾਏਗਾ? ਕਿਹੜਾ-ਪੰਛੀ ਪਾਏਗਾ ਆਲ੍ਹਣਾ ਅਤੇ ਕਿਹੜੀਆਂ ਸੱਥਾਂ ਜੁੜਨਗੀਆਂ ਇਨ੍ਹਾਂ ਹੇਠਾਂ?

ਜਦੋਂ ਮਨੁੱਖ ਸੁੰਗੜਦਾ ਏ ਤਾਂ ਸੁੰਗੜਦਾ ਏ ਉਸਦਾ ਦਾਇਰਾ, ਸੁੱਕ ਜਾਂਦਾ ਏ ਮੋਹ, ਮੁਹੱਬਤ ਤੇ ਅਪਣੱਤ ਦਾ ਭਰ ਵਗਦਾ ਦਰਿਆ, ਮੁਕ ਹੋ ਜਾਂਦਾ ਏ ਹੇਠਾਂ 'ਤੇ ਗੁਣਗੁਣਾਉਂਦਾ ਭਾਅ ਅਤੇ ਧਾਰਿਆ ਜਾਂਦਾ ਏ ਜੀਵਨ-ਪੈੜ 'ਚ ਗਹਿਰ ਸਦਮਾ।

ਜੇ ਮਨੁੱਖ ਦਾ ਸੁੰਗੜਨਾ ਏਸੇ ਰਫ਼ਤਾਰ ਨਾਲ ਹੀ ਜਾਰੀ ਰਿਹਾ ਤਾਂ ਮਨੁੱਖ ਦੇ ਸਰੀਰਕ, ਸਮਾਜਿਕ ਤੇ ਵਿਅਕਤੀਤਵ ਵਿਨਾਸ਼ ਨੂੰ ਰੁਕਣ ਤੋਂ ਕੋਈ ਨਹੀਂ ਰੋਕ ਸਕਦਾ।

ਬ੍ਰਿਧ ਆਸ਼ਰਮਾਂ 'ਚ ਪੋਤੇ-ਪੋਤਰੀਆਂ ਦੇ ਤੋਤਲੇ ਬੋਲਾਂ ਨੂੰ ਭਾਲਦੇ, ਘਰ ਦੀ ਛੱਡ ਤੋਂ ਵਿਰਵੇ, ਦੁੱਖ-ਸੁੱਖ ਸਾਵਾਂ ਕਰਨ ਨੂੰ ਤਰਸ ਗਏ ਬਜ਼ੁਰਗਾਂ ਦੀ ਤਰਾਸਦੀ ਦਾ ਕੌਣ ਜ਼ੁੰਮੇਵਾਰ ਏ? ਕੀ ਸਾਡੀਆਂ ਕਦਰਾਂ-ਕੀਮਤਾਂ ਇਸਦੀ ਹਾਮੀ ਭਰਦੀਆਂ ਨੇ? ਬਜ਼ੁਰਗਾਂ ਦੀ ਸੇਵਾ 'ਚੋਂ ਪੁੰਨ ਖੱਟਣ ਵਾਲੇ ਵਿਰਸੇ ਨੂੰ ਵਿਸਾਰ ਕੇ ਕੀ ਖੱਟਿਆ ਏ ਅਸੀਂ? ਕੀ ਏ ਸਾਡੀ ਪ੍ਰਾਪਤੀ? ਬਜ਼ੁਰਗਾਂ ਦੀ ਅਸੀਸ ਤੋਂ ਵਿਰਵਾ ਮਨੁੱਖ ਆਪਣੀ ਹੋਂਦ ਦਾ ਮਰਸੀਆ ਪੜ੍ਹਨ 'ਚ ਮਗਨ ਏ।

ਜ਼ਰਾ ਸੋਚੋ! ਜੇ ਸਾਡੇ ਸੰਤ-ਮਹਾਤਮਾ ਦੀ ਸੁੰਗੜੀ ਫਿਤਰਤ ਦੀ ਮਾਰ ਹੇਠ ਆ ਜਾਂਦੇ ਤਾਂ ਕਿਵੇਂ ਫੈਲਦਾ ਉਨ੍ਹਾਂ ਦੀ ਸੋਚ ਦਾ ਚਾਨਣ, ਕੌਣ ਕਰਦਾ ਦੂਰ ਅੰਧਿਆਰਾ ਅਤੇ ਕੌਣ ਕਰਦਾ ਵਹਿਮਾਂ-ਭਰਮਾਂ 'ਚ ਫਸੇ ਜੀਵਾਂ ਦਾ ਪਾਰ ਉਤਾਰਾ।

ਅਜੋਕੇ ਸਮਿਆਂ ਅੰਦਰ ਕੋਈ ਨਹੀਂ ਨਜ਼ਰ ਆਉਂਦਾ ਦਰਦ ਵੰਡਾਉਣ ਵਾਲਾ, ਕਿਸੇ ਦੇ ਅੱਥਰੂਆਂ ਨੂੰ ਪੂੰਝਣ ਵਾਲਾ ਜਾਂ ਕਿਸੇ ਦੇ ਹਟਕੋਰਿਆਂ ਨੂੰ ਆਪਣੀ ਹਿੱਕ 'ਚ ਸਮਾਉਣ ਵਾਲਾ। ਇਕੱਲਾ ਮਨੁੱਖ, ਇਕਹਿਰੀ ਜ਼ਿੰਦਗੀ ਜਿਊਣ ਲਈ ਲਾਚਾਰ ਹੋਇਆ ਪਿਆ ਏ।

ਗਿਆਨ-ਵਿਗਿਆਨ ਦੇ ਖੇਤਰ 'ਚ ਨਵੀਆਂ ਬੁਲੰਦੀਆਂ ਛੋਹਣ ਵਾਲੀ ਮਨੁੱਖੀ ਫਿਤਰਤ ਲਈ ਜ਼ਰੂਰੀ ਹੈ ਕਿ ਸਮੁੱਚੀ ਮਨੁੱਖ ਵੀ ਵਿਸਤਾਰ ਕਰੇ, ਫੈਲੇ ਉਸਦੀ ਨਰੋਈ ਸੋਚ। ਮਨ 'ਚ ਮੱਲਣ ਨਰੋਈਆਂ ਕਦਰਾਂ-ਕੀਮਤਾਂ ਤੇ ਸਮਾਜਕ ਸਾਂਝਾ।

ਆਦਮੀ ਤੇ ਆਦਮੀਅਤ ਨੂੰ ਨਵੇਂ ਮਾਨਵੀ ਸਰੋਕਾਰਾਂ ਰਾਹੀਂ ਪ੍ਰੀਭਾਸ਼ਿਤ ਕਰਨਾ ਪਵੇਗਾ ਤਾਂ ਹੀ ਅਸੀਂ ਇਸਦੀ ਸਦੀਵੀ ਹੋਂਦ ਤੇ ਜਸ਼ਨ ਮਨਾਉਣ ਦੇ ਸਮਰੱਥ ਹੋ ਸਕਾਂਗੇ। ਪਸਰ ਰਹੇ ਹਨ੍ਹੇਰ 'ਚ ਦੀਵਾ ਬਾਲਣ ਦੀ ਕੋਸ਼ਿਸ਼ ਤਾਂ ਕਰੋ, ਦੀਵਾਲੀ ਤੁਹਾਡੇ ਬਨੇਰਿਆਂ 'ਤੇ ਜ਼ਰੂਰੀ ਦਸਤਕ ਦੇਵੇਗੀ ਕਿਉਂਕਿ ਦੀਵੇ ਨਾਲ ਹੀ ਦੀਵਾ ਬਲਦਾ ਏ।


# DENTAL SOLUTIONS

*( MULTISPECIALITY DENTAL CLINIC & IMPLANT CENTER )*

*SCF 40 FF , PHASE 11, MOHALI*

*Get the best dental treatment at an affordable price !!!!*





## OUR SERVICES INCLUDE :

- Consultation and smile analysis
- Root canal treatments (RCT)
- Teeth colored fillings (composites)
- Complete and partial dentures
- Flexible dentures
- Dental x-rays
- Metal ceramic crown and bridges
- All ceramic crown and bridges
- Dental implants
- Pediatric dentistry
- Advanced orthodontic treatment
- Oral surgeries
- Painless tooth extractions
- Ultrasonic scaling
- Periodontal surgeries and grafts
- Smile designing
- Tooth jewellery

*ALL TREATMENTS ARE DONE UNDER STRICT STERILIZATION*

**OFFER**
SPECIAL DISCOUNT
FOR SENIOR
CITIZENS

***Dr. Ravneet Kaur Ghotra***
*Dental Surgeon (B.D.S., M.I.D.A.)*
*Spl.in Aesthetic & Cosmetic dentistry*

*For prior appointments*
*9781021090*

*TIMINGS : 10 AM – 2 PM & 5PM – 8 PM*

*SUNDAYS BY APPOINTMENT*

# ਸੋਹਣਾ ਤੇ ਸਸਤਾ ਦੇਸ਼ ਸਵੀਡਨ

ਪਰਮਜੀਤ ਕੌਰ ਸਰਹਿੰਦ



ਸਵੀਡਨ ਯੂਰਪ ਦਾ ਬੜਾ ਸੋਹਣਾ ਤੇ ਸਸਤਾ ਦੇਸ਼ ਹੈ। ਇਸ ਦਾ ਉੱਤਰ-ਪੂਰਬੀ ਭਾਗ ਫਿਨਲੈਂਡ, ਦੱਖਣੀ ਭਾਗ ਡੈਨਮਾਰਕ ਅਤੇ ਪੱਛਮੀ ਹਿੱਸਾ ਨੌਰਵੇ ਨਾਲ ਲੱਗਦਾ ਹੈ। ਸਵੀਡਨ ਦਾ ਖੇਤਰਫਲ 4,49,964 ਵਰਗ ਕਿਲੋਮੀਟਰ ਅਤੇ ਆਬਾਦੀ 95 ਲੱਖ ਦੇ ਕਰੀਬ ਹੈ। ਇਸ ਦੀ ਰਾਜਧਾਨੀ ਸਟਾਕਹੋਮ (Stockholm) ਹੈ। ਨੌਰਵੇ ਦੇ ਨਾਲ ਲੱਗਦਾ ਇਹ ਮੁਲਕ ਵੀ ਇਸ ਵਾਂਗ ਠੰਢਾ ਦੇਸ਼ ਹੈ।

ਦਰਮਨ ਤੋਂ ਸਵੀਡਨ ਦੀ ਸਰਹੱਦ 132 ਕਿਲੋਮੀਟਰ ਦੂਰ ਹੈ ਜੋ ਕਾਰ ਰਾਹੀਂ ਪੌਣੇ ਕੁ ਦੋ ਘੰਟੇ ਦਾ ਸਫ਼ਰ ਹੈ। ਇੱਕ ਰਸਤਾ ਸਮੁੰਦਰ ਵਿੱਚੋਂ ਸੁਰੰਗ ਰਾਹੀਂ ਵੀ ਜਾਂਦਾ ਹੈ ਜੋ ਦਰਮਨ ਤੋਂ 131 ਕਿਲੋਮੀਟਰ ਬਣਦਾ ਹੈ। ਸਮੁੰਦਰ ਵਿੱਚੋਂ ਲੰਘਦੀ ਇਹ ਸੁਰੰਗ 7 ਕਿਲੋਮੀਟਰ ਲੰਮੀ ਹੈ। ਸਮੁੰਦਰੀ ਸੁਰੰਗ 'ਚੋਂ ਗੁਜ਼ਰਨ ਦਾ ਅਹਿਸਾਸ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਜਾਪਦਾ। ਨੌਰਵੇ ਤੋਂ ਸਵੀਡਨ ਜਾਣ ਵਾਲੇ ਸੈਲਾਨੀ ਜਾਂ ਆਮ ਲੋਕ ਓਸਲੋ ਤੋਂ ਸਮੁੰਦਰੀ ਜਹਾਜ਼ ਵਿੱਚ ਵੀ ਜਾਂਦੇ ਹਨ। ਕਈ ਲੋਕ ਆਪਣੀ ਕਾਰ ਜਹਾਜ਼ ਵਿੱਚ ਨਾਲ ਲੈ ਜਾਂਦੇ ਹਨ ਤੇ ਸਵੀਡਨ ਜਾ ਕੇ ਆਪਣੀ ਕਾਰ 'ਤੇ ਘੁੰਮਦੇ ਹਨ। ਕਈ ਲੋਕ ਮੁੜਦੇ ਸਮੇਂ ਕਾਰ 'ਤੇ ਹੀ ਵਾਪਸ ਆ ਜਾਂਦੇ ਹਨ। ਦਰਮਨ ਤੋਂ ਸਵੀਡਨ ਜਾਂਦਿਆਂ ਰਾਹ ਵਿੱਚ ਨਾ ਕੋਈ ਚੈੱਕ ਪੋਸਟ ਤੇ ਨਾ ਹੀ ਟੌਲ ਟੈਕਸ ਵਾਲੇ ਦਿਸਦੇ ਹਨ ਪਰ ਇਹ ਵੱਖਰੀ ਗੱਲ ਹੈ ਕਿ ਚਾਰ-ਪੰਜ ਥਾਂ 'ਤੇ ਟੌਲ ਟੈਕਸ ਲਿਆ ਜਾਂਦਾ ਹੈ। ਇਨ੍ਹਾਂ ਲੋਕਾਂ ਦੀਆਂ ਕਾਰਾਂ ਵਿੱਚ ਅਗਲੇ ਸ਼ੀਸ਼ੇ 'ਤੇ ਇੱਕ ਚਿੱਪ ਜਾਂ ਕਾਰਡ ਲੱਗਿਆ ਹੁੰਦਾ ਹੈ ਜਿਸ ਵਿੱਚ ਹਜ਼ਾਰ-ਪੰਦਰਾਂ ਸੌ ਕਰੋਨਾ ਜਮ੍ਹਾਂ ਹੁੰਦਾ ਹੈ। ਟੌਲ ਟੈਕਸ ਤੋਂ ਲੰਘਦਿਆਂ ਵਿਸ਼ੇਸ਼ ਤਕਨੀਕ ਨਾਲ ਉੱਥੇ ਪੈਸੇ ਜਮ੍ਹਾਂ ਹੋ ਜਾਂਦੇ ਹਨ। ਇਸ ਢੰਗ ਨਾਲ ਕੱਟੇ ਜਾਂਦੇ ਪੈਸੇ ਉਨ੍ਹਾਂ ਲੋਕਾਂ ਨਾਲੋਂ ਘੱਟ ਲੱਗਦੇ ਹਨ ਜੋ ਇਨ੍ਹਾਂ ਥਾਵਾਂ 'ਤੇ ਲੱਗੀਆਂ ਮਸ਼ੀਨਾਂ 'ਚ ਪੈਸੇ ਪਾਉਂਦੇ ਹਨ। ਜੇ ਕਾਰਡ ਵਿੱਚ ਪੈਸੇ ਨਾ ਹੋਣ ਤਾਂ ਟੌਲ ਟੈਕਸ ਦਾ ਬਿੱਲ ਘਰ ਆ ਜਾਂਦਾ ਹੈ। ਸਾਰੇ ਰਸਤੇ ਵਿੱਚ ਕਿਤੇ ਕੋਈ ਪੁਲੀਸ ਜਾਂ ਟਰੈਫਿਕ ਪੁਲੀਸ ਵਾਲਾ ਨਹੀਂ ਦਿਸਦਾ, ਨਾ ਹੀ ਥਾਂ-ਥਾਂ 'ਤੇ ਰੋਕ ਕੇ ਕੋਈ ਪੁੱਛ-ਪੜਤਾਲ ਜਾਂ ਕਾਗਜ਼-ਪੱਤਰ ਜਾਂ ਪਾਸਪੋਰਟ ਦੇਖੇ ਜਾਂਦੇ ਹਨ। ਕੁਝ ਸਮਾਂ ਪਹਿਲਾਂ ਨੌਰਵੇ ਦੀ ਹੱਦ ਤਕ ਸੜਕ 'ਤੇ ਪੀਲੇ ਰੰਗ ਦੀਆਂ ਪੱਟੀਆਂ ਸਨ ਤੇ ਸਵੀਡਨ ਵੱਲ ਸਫ਼ੈਦ ਪਰ ਹੁਣ ਨੌਰਵੇ ਦੀਆਂ ਸੜਕਾਂ 'ਤੇ ਵੀ ਸਫ਼ੈਦ ਪੱਟੀਆਂ ਹਨ। ਪਹਿਲਾਂ ਵੀ ਛੇਤੀ ਕੀਤਿਆਂ ਪਤਾ ਨਹੀਂ ਸੀ ਲੱਗਦਾ ਕਿ ਅਸੀਂ ਸਰਹੱਦ ਲੰਘ ਗਏ ਹਾਂ।

ਮੁਲਕ ਦਾ ਫ਼ਰਕ ਇਨ੍ਹਾਂ ਪੱਟੀਆਂ ਦੇ ਰੰਗ ਤੋਂ ਹੀ ਪਤਾ ਲੱਗਦਾ ਸੀ ਪਰ ਹੁਣ ਇਹ ਅੰਤਰ ਵੀ ਨਹੀਂ ਰਿਹਾ। ਹੁਣ ਤਾਂ 'ਸਵਿਨੇ ਸੁੰਦ' (Svine Sund) ਨਦੀ ਦੇ ਪੁਲ਼ ਉੱਤੇ ਪੁੱਜ ਕੇ ਹੀ ਪਤਾ ਲੱਗਦਾ ਹੈ ਕਿ ਅਸੀਂ ਸਵੀਡਨ 'ਚ ਆ ਵੜੇ ਹਾਂ ਜਾਂ ਵਾਪਸੀ 'ਤੇ ਨੌਰਵੇ ਆ ਵੜੇ ਹਾਂ। ਇਹ ਪੁਲ਼ 700 ਮੀਟਰ ਲੰਮਾ ਹੈ ਜੋ ਅੱਧਾ ਨੌਰਵੇ ਤੇ ਅੱਧਾ ਸਵੀਡਨ ਦਾ ਹੈ। ਸਵੀਡਨ

ਦੀ ਹੱਦ 'ਤੇ ਵੜਨ 'ਤੇ ਜ਼ਰਾ ਪਾਸੇ ਹਟਵੇਂ ਕਸਟਮ ਵਾਲੇ ਹੁੰਦੇ ਹਨ ਜੋ ਕਿਸੇ ਨੂੰ ਬੇਵਜ੍ਹਾ ਨਹੀਂ ਰੋਕਦੇ। ਕਿਸੇ ਬਹੁਤ ਸ਼ੱਕੀ ਮਾਮਲੇ 'ਚ ਹੀ ਇਹ ਰੋਕਦੇ ਹਨ। ਜਿਨ੍ਹਾਂ ਲੋਕਾਂ ਨੇ ਕੁਝ ਕਸਟਮ ਦੇਣਾ ਹੁੰਦਾ ਹੈ, ਉਹ ਆਪ ਹੀ ਰੁਕ ਕੇ ਕਸਟਮ ਦੇ ਜਾਂਦੇ ਹਨ। ਇਹੋ ਕਾਰਨ ਹੈ ਕਿ ਆਉਣ-ਜਾਣ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਨੌਰਵੇ ਭਾਵੇਂ ਬਹੁਤ ਅਮੀਰ ਮੁਲਕ ਹੈ ਪਰ ਹਰ ਕੋਈ ਬੱਚਤ ਤਾਂ ਕਰਨੀ ਹੀ ਚਾਹੁੰਦਾ ਹੈ। ਨੌਰਵੇ ਵਿੱਚ ਸ਼ਰਾਬ, ਚੀਨੀ, ਟੌਫੀਆਂ-ਗੋਲੀਆਂ, ਤੰਬਾਕੂ ਤੇ ਸਿਗਰਟ 'ਤੇ ਬਹੁਤ ਟੈਕਸ ਹੈ। ਇੱਥੋਂ ਦੀ ਸਰਕਾਰ ਦੀ ਸੋਚ ਗਹਿਰ-ਗੰਭੀਰ ਹੈ ਕਿ ਇਹ ਚੀਜ਼ਾਂ ਸਿਹਤ ਲਈ ਬਹੁਤ ਹਾਨੀਕਾਰਕ ਹਨ, ਇਸ ਲਈ ਕੀਮਤ ਵਧਾ ਦਿੱਤੀ ਜਾਂਦੀ ਹੈ। ਸਵੀਡਨ ਵਿੱਚ ਇਨ੍ਹਾਂ ਵਸਤਾਂ 'ਤੇ ਬਹੁਤ ਹੀ ਘੱਟ ਟੈਕਸ ਹੈ ਤੇ ਉਂਜ ਵੀ ਨੌਰਵੇ ਨਾਲੋਂ ਸਸਤੀਆਂ ਪੈਂਦੀਆਂ ਹਨ ਕਿਉਂਕਿ ਨੌਰਵੇ ਦਾ 100 ਕਰੋਨਾ ਸਵੀਡਨ ਦੇ 116 ਕਰੋਨੇ ਦੇ ਬਰਾਬਰ ਹੈ, ਅਰਥਾਤ ਇਨ੍ਹਾਂ ਲੋਕਾਂ ਨੂੰ ਕਰੰਸੀ ਕਾਰਨ ਹੀ 16 ਫ਼ੀਸਦੀ ਸਸਤਾ ਪੈਣ ਵਾਲਾ ਸਾਮਾਨ ਬਿਨਾਂ ਟੈਕਸ ਜਾਂ ਮਾਮੂਲੀ ਟੈਕਸ ਕਾਰਨ ਬਹੁਤ ਘੱਟ ਕੀਮਤ 'ਤੇ ਮਿਲ ਜਾਂਦਾ ਹੈ। ਇੱਥੋਂ ਦੇ ਵਸਨੀਕਾਂ ਨੂੰ ਗੱਡੀ ਦੇ ਪੈਟਰੋਲ, ਟੌਲ ਟੈਕਸ ਤੇ ਆਪਣੇ ਖਾਣ-ਪੀਣ ਦੇ ਸਾਰੇ ਖਰਚੇ ਕੱਢ ਕੇ ਵੀ ਸਵੀਡਨ ਤੋਂ ਖਰੀਦਦਾਰੀ ਕਰਨੀ ਬਹੁਤ ਲਾਹੇਵੰਦ ਰਹਿੰਦੀ ਹੈ।




ਨੌਰਵੀਜੀਅਨ ਲੋਕ ਛੁੱਟੀ ਵਾਲੇ ਦਿਨ ਸਵੀਡਨ ਘੁੰਮ-ਫਿਰ ਵੀ ਆਉਂਦੇ ਹਨ ਤੇ ਆਪਣੀ ਘਰੇਲੂ ਲੋੜ ਵਾਲਾ ਸਾਮਾਨ ਜਾਂ ਸੌਦਾ-ਪੱਤਾ ਖਰੀਦ ਲਿਆਉਂਦੇ ਹਨ। ਸਵੀਡਨ 'ਚ ਵੜਦਿਆਂ ਹੀ ਇੱਕ ਬਹੁਤ ਵੱਡੇ ਤੇ ਪ੍ਰਸਿੱਧ ਨੂਰਬੀ ਸ਼ਾਪਿੰਗ ਸੈਂਟਰ (Nordby Shopping Center) ਵਿੱਚ ਹਰ ਤਰ੍ਹਾਂ ਦਾ ਸਾਮਾਨ ਮਿਲਦਾ ਹੈ ਪਰ ਉੱਥੇ ਦੇਖਣਯੋਗ ਇੱਕ ਬਹੁਤ ਵਧੀਆ ਥਾਂ ਹੈ ਜਿੱਥੇ ਸਿਰਫ਼ ਬਹੁਤ ਤਰ੍ਹਾਂ ਦੀਆਂ ਟੌਫੀਆਂ-ਚੌਕਲੇਟ ਤੇ ਕੋਲਡ ਡਰਿੰਕਸ ਹੀ ਮਿਲਦੇ ਹਨ। ਇਸ ਸੈਂਟਰ ਵਿੱਚ ਟੌਫੀਆਂ ਬੱਚਿਆਂ ਦੇ ਨਾਲ-ਨਾਲ ਵੱਡਿਆਂ ਲਈ ਵੀ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀਆਂ ਹਨ। ਇੱਕ ਫੁੱਲ ਜਾਂ ਫਲ ਜਿਵੇਂ ਗੁਲਾਬ ਦਾ ਫੁੱਲ, ਚੈਰੀ, ਅਨਾਨਾਸ, ਅੰਬ, ਕੇਲਾ, ਸੰਤਰਾ, ਸਟਰਾਬਰੀ, ਸੇਬ ਤੇ ਕੀਵੀ ਆਦਿ ਦੀ ਸ਼ਕਲ ਜਾਂ ਮਾਡਲ ਤੋਂ ਲੈ ਕੇ ਜਾਨਵਰਾਂ ਤੇ ਪੰਛੀਆਂ ਦੀ ਸ਼ਕਲ ਦੀਆਂ ਟੌਫੀਆਂ ਵੀ ਮਿਲਦੀਆਂ ਹਨ। ਇਨ੍ਹਾਂ ਵਿੱਚ ਗੰਡੋਏ, ਡੱਡੂ, ਸੱਪ, ਮੱਛੀਆਂ ਤੇ ਮਗਰਮੱਛ ਆਦਿ ਜੀਵਾਂ ਵਾਲੇ ਰੰਗ-ਰੂਪ ਦੀਆਂ ਟੌਫੀਆਂ ਵੀ ਹੁੰਦੀਆਂ ਹਨ। ਇਨ੍ਹਾਂ ਟੌਫੀਆਂ ਵਿੱਚ ਖ਼ੂਬਸੂਰਤ ਤਿੱਤਲੀਆਂ ਵਰਗੀਆਂ ਟੌਫੀਆਂ ਵੀ ਸ਼ਾਮਲ ਹਨ। ਔਰਤ, ਮਰਦ ਤੇ ਬੱਚਿਆਂ ਦੀ ਸ਼ਕਲ ਵਾਲੀਆਂ ਟੌਫੀਆਂ ਦੇ ਖ਼ਾਸ ਤੌਰ 'ਤੇ ਪੈਕਟ ਬਣੇ ਹੁੰਦੇ ਹਨ। ਬਾਹਰੋਂ ਆਏ ਸੈਲਾਨੀ ਇੱਥੋਂ ਟੌਫੀਆਂ ਜ਼ਰੂਰ ਲੈ ਕੇ ਜਾਂਦੇ ਹਨ। ਨੌਰਵੇ ਦੇ ਲੋਕ ਇੱਥੋਂ ਟੌਫੀਆਂ ਲੈਂਦੇ ਹਨ ਪਰ ਇਨ੍ਹਾਂ ਲੋਕਾਂ ਨੇ ਇੱਕ ਆਦਤ ਅਸੂਲ ਵਾਂਗ ਬਣਾਈ ਹੋਈ ਹੈ ਕਿ ਇਹ ਸਿਰਫ਼ ਸ਼ਨਿੱਚਰਵਾਰ ਨੂੰ ਹੀ ਬੱਚਿਆਂ ਨੂੰ ਟੌਫੀਆਂ ਜਾਂ ਚੌਕਲੇਟ ਖਾਣ ਲਈ ਦਿੰਦੇ ਹਨ। ਸਕੂਲ ਵਿੱਚ ਟੌਫੀਆਂ ਜਾਂ ਚੌਕਲੇਟ ਲਿਜਾਣ ਦੀ ਸਖ਼ਤ ਮਨਾਹੀ ਹੈ। ਇਨ੍ਹਾਂ ਚੀਜ਼ਾਂ ਨਾਲੋਂ ਇਹ ਲੋਕ ਫਲ ਅਤੇ ਜੂਸ ਹੀ ਬੱਚਿਆਂ ਨੂੰ ਜ਼ਿਆਦਾ ਦਿੰਦੇ ਹਨ। ਉਹ ਵੱਖਰੀ ਗੱਲ ਹੈ ਕਿ ਇਸ ਥਾਂ ਤੋਂ ਕੋਈ ਵੀ ਨਾਂਹ-ਨਾਂਹ ਕਰਦਿਆਂ ਟੌਫੀਆਂ ਤੇ ਚੌਕਲੇਟ ਖਰੀਦ ਹੀ ਲੈਂਦਾ ਹੈ। ਇੱਕ ਵੱਖਰੀ ਕਿਸਮ ਦੀਆਂ ਟੌਫੀਆਂ ਪਹਿਲੀ ਨਜ਼ਰੇ ਪੰਜਾਬ ਦੀ ਖੋਏ ਦੀ ਬਰਫੀ ਦਾ ਭੁਲੇਖਾ ਪਾਉਂਦੀਆਂ ਹਨ। ਇਹ ਵੇਖਣ ਵਾਲੀ ਥਾਂ ਹੈ।

ਨੌਰਵੇ ਤੋਂ ਸਵੀਡਨ ਲਈ ਬੱਸਾਂ ਦੀ ਆਮ ਸਹੂਲਤ ਹੈ। ਇੱਥੋਂ ਦੀਆਂ ਔਰਤਾਂ ਬੱਸਾਂ 'ਤੇ ਜਾ ਕੇ ਵੀ ਸਵੀਡਨ ਤੋਂ ਖਰੀਦੋ-ਫਰੋਖਤ ਕਰ ਲਿਆਉਂਦੀਆਂ ਹਨ। ਲੋਕੀਂ ਸਵੀਡਨ ਤੋਂ ਸ਼ਰਾਬ, ਸਿਗਰਟ ਜਾਂ ਟੌਫੀਆਂ ਤੋਂ ਇਲਾਵਾ ਖਾਣ-ਪੀਣ ਵਾਲਾ ਬਹੁਤਾ ਸਾਮਾਨ ਵੀ ਖਰੀਦਦੇ ਹਨ। ਆਟਾ, ਚੀਨੀ, ਕੋਲਡ ਡਰਿੰਕ, ਜੂਸ, ਮੈਦਾ, ਬੇਸਣ, ਮੀਟ, ਸਬਜ਼ੀਆਂ ਤੇ ਜੈਮ ਆਦਿ ਵੀ ਇਹ ਲੋਕ ਸਵੀਡਨ ਤੋਂ ਲਿਆਉਂਦੇ ਹਨ। ਇਸ ਦਾ ਇੱਕ ਹੋਰ ਵੱਡਾ ਕਾਰਨ ਹੈ ਕਿ ਸਵੀਡਨ ਯੂਰਪੀਨ ਸੰਘ ਦਾ ਹਿੱਸਾ ਹੈ। ਇਸ ਸੰਘ ਵਿੱਚ 27 ਦੇਸ਼ ਹਨ ਜਿਨ੍ਹਾਂ ਵਿੱਚ ਜਰਮਨੀ, ਫਰਾਂਸ, ਇੰਗਲੈਂਡ ਅਤੇ ਡੈਨਮਾਰਕ ਆਦਿ ਸ਼ਾਮਲ ਹਨ। ਇਨ੍ਹਾਂ ਮੁਲਕਾਂ ਦਾ ਆਪਸੀ ਵਪਾਰਕ ਸਮਝੌਤਾ ਹੈ ਕਿ ਇਹ ਸਾਰੇ ਇੱਕ-ਦੂਜੇ ਮੁਲਕ ਵਿੱਚ ਆਪਣਾ ਸਾਮਾਨ ਖਰੀਦ ਤੇ ਵੇਚ ਸਕਦੇ ਹਨ। ਇਨ੍ਹਾਂ ਮੁਲਕਾਂ ਵਿੱਚ ਇੱਕ-ਦੂਜੇ ਦੇ ਸਾਮਾਨ 'ਤੇ ਕੋਈ ਕਸਟਮ ਨਹੀਂ ਲਗਾਇਆ ਜਾਂਦਾ। ਇਸ ਕਾਰਨ ਵੀ ਸਵੀਡਨ ਸਸਤਾ ਪੈਂਦਾ ਹੈ ਕਿਉਂਕਿ ਨੌਰਵੇ ਯੂਰਪੀਨ ਸੰਘ ਦਾ ਹਿੱਸਾ ਨਹੀਂ ਹੈ।

ਸਵੀਡਨ ਜਾਣ ਆਉਣ ਦਾ ਟੌਲ ਟੈਕਸ ਵੀ ਜ਼ਿਆਦਾ ਨਹੀਂ ਸਗੋਂ ਤਕਰੀਬਨ 200 ਕਰੋਨੇ ਹੀ ਪੈਂਦਾ ਹੈ। ਨੌਰਵੀਜੀਅਨ ਲੋਕ ਸਵੀਡਨ ਤੋਂ ਸਾਲ-ਛਿਮਾਹੀ ਤਕ ਦੇ ਸੌਦੇ-ਸਾਮਾਨ ਲੋੜ ਮੁਤਾਬਕ ਖਰੀਦ ਕੇ ਰੱਖ ਲੈਂਦੇ ਹਨ। ਅੰਕੜੇ ਦੱਸਦੇ ਹਨ ਕਿ 2011 ਵਿੱਚ ਨੌਰਵੇ ਵੱਲੋਂ ਸਵੀਡਨ ਤੋਂ 11.5 ਬਿਲੀਅਨ ਕਰੋਨੇ ਦੀ ਖਰੀਦ ਕੀਤੀ ਗਈ ਜੋ ਭਾਰਤੀ 11,300 ਕਰੋੜ ਦੀ ਰਕਮ ਬਣਦੀ ਹੈ। ਬੱਚਿਆਂ ਅਤੇ ਸੈਲਾਨੀਆਂ ਨੂੰ ਹੀ ਨਹੀਂ ਸਗੋਂ ਨੌਰਵੇ ਵਾਲਿਆਂ ਨੂੰ ਵੀ ਮਿੱਠਾ ਪਿਆਰਾ ਲੱਗਦਾ ਹੈ ਇਹ ਮਿੱਠੀਆਂ ਸੋਹਣੀਆਂ ਤਰ੍ਹਾਂ-ਤਰ੍ਹਾਂ ਦੀਆਂ ਟੌਫੀਆਂ ਵਾਲਾ ਦੇਸ਼ ਸਵੀਡਨ।

ਕਹਾਣੀ

# ਦਿੱਲੀ ਦਾ ਖ਼ੁਦਾ

ਬਚਿੰਤ ਕੌਰ

ਠੀਕ ਛੇ ਵੱਜ ਕੇ ਪੰਜਾਹ ਮਿੰਟ ਉਤੇ 'ਸੁਪਰਫਾਸਟ' ਟਰੇਨ ਅੰਮ੍ਰਿਤਸਰ ਤੋਂ ਚੱਲ ਕੇ ਬਿਆਸ ਸਟੇਸ਼ਨ ਉਤੇ ਪਹੁੰਚ ਗਈ ਸੀ। ਸਟੇਸ਼ਨ ਉਤੇ ਕੋਈ ਖ਼ਾਸ ਰੌਲਾ-ਰੱਪਾ ਨਹੀਂ ਸੀ। ਵੱਧ ਤੋਂ ਵੱਧ ਵੀਹ, ਪੱਚੀ ਪੈਸਿੰਜਰ ਗੱਡੀ ਵਿੱਚ ਚੜ੍ਹੇ ਹੋਣਗੇ। ਇਥੇ ਗੱਡੀ ਵੀ ਸਿਰਫ਼ ਦੋ ਜਾਂ ਤਿੰਨ ਮਿੰਟ ਹੀ ਰੁਕੀ ਸੀ।

ਬਿਆਸ ਤੋਂ ਜਿਉਂ ਹੀ ਗੱਡੀ ਚੱਲਣ ਲੱਗੀ ਤਾਂ ਮੈਂ ਆਪਣੀ ਆਦਤ ਮੁਤਾਬਿਕ ਪਹਿਲਾਂ ਦਰਿਆ ਦੇ ਪਾਣੀਆਂ ਨੂੰ ਬੜੇ ਉਤਸ਼ਾਹ ਨਾਲ ਤੱਕਿਆ ਫੇਰ ਗੱਡੀ ਦੇ ਦੋਨੋਂ ਤਰਫ਼ ਲਹਿਰਾਉਂਦੇ ਹਰੇ-ਭਰੇ ਖੇਤਾਂ ਉਤੇ ਮੇਰੀ ਨਿਗਾਹ ਦੂਰ-ਦੂਰ ਤੱਕ ਭੱਜਦੀ ਜਿਵੇਂ ਮੇਰੇ ਮਨ ਨੂੰ ਕਿਸੇ ਖਾਸ ਖ਼ੁਸ਼ਬੋਈ ਨਾਲ ਭਰਨ ਲੱਗੀ ਹੋਵੇ।

ਅਚਾਨਕ ਮੇਰੇ ਮਨ ਦੀ ਸਤਹਿ ਉਪਰ ਤੈਰਦਾ ਇਕ ਨਗਮਾ ਮੇਰੇ ਹੋਠਾਂ ਉਤੇ ਮੋਲੋਮੱਲੀ ਆ ਗਿਆ।

ਗੱਡੀ ਜਾਂਦੀ ਏ ਛਲਾਂਗਾ ਮਾਰਦੀ
ਮੈਨੂੰ ਯਾਦ ਆਈ ਮੇਰੇ ਯਾਰ ਦੀ।

ਹੁਣ ਖੇਤਾਂ ਦੀ ਖ਼ੁਸ਼ਬੋਈ ਅਤੇ ਬਾਹਰ ਗੱਡੀ ਦੀ ਰਫ਼ਤਾਰ ਨਾਲ ਭੱਜਦੀਆਂ ਤਾਰਾਂ ਉਤੇ ਬੈਠੇ ਪਰਿੰਦਿਆਂ ਦੀਆਂ ਡਾਰਾਂ ਨੇ ਮੇਰੇ ਮਨ ਨੂੰ ਹੋਰ ਵੀ ਮੋਹ ਲਿਆ ਸੀ। ਹੁਣ ਮੈਂ ਭੱਜ ਕੇ ਉਸ ਕੁੜੀ ਨੂੰ ਆਪਣੀ ਹਿੱਕ ਨਾਲ ਘੁੱਟ ਲੈਣ ਲਈ ਬਹਿਬਲ ਹੋ ਉਠਿਆ ਸੀ ਜਿਸ ਨਾਲ ਪਿੱਛਲੀ ਸੰਗਰਾਂਦ ਵਾਲੇ ਦਿਨ ਮੇਰੀ ਮੰਗਣੀ ਹੋਈ ਸੀ। ਅੱਜ ਮੈਂ ਵਿਆਹ ਵਿੱਚ ਸਹੁਰਿਆਂ ਵੱਲੋਂ ਦਿੱਤੇ ਜਾਣ ਵਾਲੇ ਕੱਪੜਿਆਂ ਦੀ ਖਰੀਦੋ-ਫਰੋਖਤ ਲਈ ਦਿੱਲੀ ਜਾ ਰਿਹਾ ਸੀ। ਮੇਰੀ ਮੰਗੇਤਰ ਕੁੜੀ ਦੀ ਇਹ ਇੱਛਾ ਸੀ ਕਿ ਮੈਂ ਜੋੜੇ ਆਪਣੀ ਪਸੰਦ ਦੇ ਹੀ ਖਰੀਦਾਂ।

ਮੈਂ ਆਪਣੇ ਹੀ ਖਿਆਲਾਂ ਵਿੱਚ ਉਡਿਆ ਆਪਣੀ ਮੰਗੇਤਰ ਦੇ ਨਾਲ-ਨਾਲ ਗੱਲਾਂ ਵਿੱਚ ਰੁਝਿਆ ਮਹਿਕੋ-ਮਹਿਕ ਹੋਇਆ ਪਿਆ ਸੀ ਕਿ ਅਚਾਨਕ ਮੇਰੇ ਕੰਨਾਂ ਵਿੱਚ ਇਕ ਆਵਾਜ਼ ਪਈ। "ਗਰਮਾ-ਗਰਮ ਆਮਲੇਟ ਵੈਜ਼ੀਟੇਬਲ ਆਲੂ ਟਿੱਕੀ।" ਹੁਣ ਤੱਕ ਮੈਨੂੰ ਭੁੱਖ ਵੀ ਲੱਗ ਚੁੱਕੀ ਸੀ। ਇਸੇ ਲਈ ਮੈਂ ਇਕ ਆਮਲੇਟ ਦਾ ਆਡਰ ਦੇ ਦਿੱਤਾ। ਹੁਣ ਤੱਕ ਗੱਡੀ ਜਲੰਧਰ ਸਟੇਸ਼ਨ ਪਾਰ ਕਰ ਚੁੱਕੀ ਸੀ।

ਜਦੋਂ ਨਾਸ਼ਤਾ ਮੇਰੇ ਤੱਕ ਪਹੁੰਚਿਆ ਤਾਂ ਸ਼ਾਇਦ ਫਗਵਾੜਾ ਆ ਗਿਆ ਸੀ।

ਮੈਂ ਆਪਣੇ ਹੱਥਾਂ ਵਿੱਚ ਫੜੇ ਅਖ਼ਬਾਰ ਨੂੰ ਆਪਣੇ ਗੋਡਿਆਂ ਉਤੇ ਖੋਲ੍ਹ ਕੇ ਨਾਸ਼ਤਾ ਕਰਨ ਹੀ ਲੱਗਿਆ ਸੀ ਕਿ ਮੇਰੇ ਪੈਰਾਂ ਕੋਲੋਂ ਮੈਨੂੰ ਕਿਸੇ ਨੇ ਛੋਹਿਆ। ਮੈਂ ਝੁੱਕ ਕੇ ਹੇਠਾਂ ਦੇਖਿਆ ਇਕ ਛੋਟਾ ਜਿਹਾ ਲੜਕਾ ਜਿਸ ਦੇ ਦੋਵੇਂ ਪੈਰ ਕੁਝ ਅਜੀਬ ਤਰ੍ਹਾਂ ਵਿੰਗੇ-ਟੇਢੇ ਸਨ, ਆਪਣੇ ਮੂੰਹ ਤੱਕ ਆਪਣੇ ਹੱਥ ਨੂੰ ਲਿਜਾ ਕੇ ਮੈਥੋਂ ਖਾਣ ਲਈ ਕੁਝ ਮੰਗ ਰਿਹਾ ਸੀ।

ਪਹਿਲਾਂ ਤਾਂ ਮੈਂ ਨਫ਼ਰਤ ਜਿਹੀ ਨਾਲ ਉਸ ਨੂੰ ਝਿੜਕਿਆ ਪਰ ਫੇਰ ਪਤਾ ਨਹੀਂ ਮੇਰੇ ਮਨ ਵਿੱਚ ਕੀ ਆਈ ਮੈਂ ਪੂਰੇ ਦਾ ਪੂਰਾ ਨਾਸ਼ਤਾ ਉਸ ਨੂੰ ਫੜਾ ਦਿੱਤਾ...। ਸੋਚਿਆ ਮੈਂ ਦੁਬਾਰਾ ਮੰਗਵਾ ਲਵਾਂਗਾ। ਉਹ ਵਿੰਗੇ ਟੇਢੇ ਪੈਰਾਂ ਵਾਲਾ ਮੁੰਡਾ ਜਿਸ ਦੀ ਉਮਰ ਮਸਾਂ ਪੰਜ-ਛੇ ਸਾਲ ਹੀ ਹੋਵੇਗੀ ਪਰ੍ਹਾਂ ਨੂੰ ਹੋ ਕੇ ਆਮਲੇਟ ਖਾਣ ਲੱਗ ਪਿਆ।

ਇਹ ਸਭ ਦੇਖ ਮੇਰੇ ਨਾਲ ਵਾਲੀ ਸੀਟ ਉਤੇ ਬੈਠੇ ਇਕ ਭਲੇ ਜਿਹੇ ਪੈਸਿੰਜਰ ਨੇ ਮੈਨੂੰ ਸੰਬੋਧਨ ਕਰਦਿਆਂ ਕਿਹਾ।

"ਬੇਟੇ ਤੈਂ ਇਹ ਕੀ ਕੀਤਾ, ਪੂਰੇ ਦਾ ਪੂਰਾ ਨਾਸ਼ਤਾ ਉਸ ਨੂੰ ਦੇ ਦਿੱਤਾ। ਤੂੰ ਨਹੀਂ ਜਾਣਦਾ ਇਹ ਸਭ ਤਮਾਸ਼ਾ ਕੀ ਹੈ?

ਮੈਂ ਉਸ ਦੀ ਗੱਲ ਨੂੰ ਅਣਗੌਲਿਆ ਕਰਦਿਆਂ ਦੁਬਾਰਾ ਨਾਸ਼ਤੇ ਲਈ ਆਡਰ ਕਰ ਦਿੱਤਾ। ਐਨੇ ਵਿੱਚ ਇਕ ਦਸ ਗਿਆਰਾਂ ਸਾਲ ਦੀ ਮਾੜਕੂ ਜਿਹੀ ਕੁੜੀ ਜਿਸ ਦੇ ਨੰਗੇ ਪੈਰਾਂ ਉਤੇ ਮੈਲ ਦੀਆਂ ਅਣਗਿਣਤ ਪਰਤਾਂ ਜੰਮੀਆਂ ਹੋਈਆਂ ਸਨ, ਸਾਡੇ ਸਾਹਮਣੇ ਆ ਕੇ ਉਚੀ-ਉਚੀ ਇਕ ਫਿਲਮੀ ਗੀਤ ਗਾਉਣ ਲੱਗੀ।

ਮੁੰਨੀ ਬਦਨਾਮ ਹੁਈ ਡਾਰਲਿੰਗ ਤੇਰੇ ਲੀਏ
ਮੈਂ ਝੰਡੂ ਬਾਮ ਹੁਈ ਡਾਰਲਿੰਗ ਤੇਰੇ ਲੀਏ।

ਇਸ ਗੀਤ ਦੇ ਨਾਲ-ਨਾਲ ਉਹ ਘੁੰਮ-ਘੁਮੇਰੀਆਂ ਲਾਉਂਦੀ ਨੱਚ ਵੀ ਰਹੀ ਸੀ। ਉਸ ਦਾ ਇਹ ਨਾਚ ਦੇਖ ਦੋਹੀਂ ਪਾਸੀਂ ਬੈਠੇ ਯਾਤਰੀ ਉਚੀ-ਉਚੀ ਹੱਸਣ ਲੱਗੇ।

ਗੀਤ ਪੂਰਾ ਹੋਣ ਪਿੱਛੋਂ ਉਸ ਨੇ ਆਪਣੀ ਪਾਟੀ ਜਿਹੀ ਚੁੰਨੀ ਦਾ ਪੱਲਾ ਖੈਰਾਤ ਮੰਗਣ ਲਈ ਸਾਡੇ ਸਾਰਿਆਂ ਦੇ ਅੱਗੇ ਪਸਾਰਿਆ ਪਰ ਇਕ ਸਨੁੱਖੀ ਜਿਹੀ ਔਰਤ ਤੋਂ ਬਿਨਾ ਉਸ ਨੂੰ ਕਿਸੇ ਨੇ ਧੇਲਾ ਵੀ ਨਹੀਂ ਸੀ ਦਿੱਤਾ।

ਹੁਣ ਉਹ ਆਪਣੀ ਝੋਲੀ ਇੱਕ ਰੁਪਏ ਦਾ ਇਕੋ-ਇਕ ਸਿੱਕਾ ਪੁਆ ਅੱਗੇ ਵੱਧ ਗਈ। ਉਸ ਦੇ ਪਿੱਛੇ-ਪਿੱਛੇ ਹੀ ਉਹ ਵਿੰਗੇ-ਟੇਢੇ ਪੈਰਾਂ ਵਾਲਾ ਮੁੰਡਾ ਵੀ ਆਪਣੇ ਆਪ ਨੂੰ ਘਸੀਟਦਾ ਉਸ ਦੇ ਨਾਲ ਹੋ ਗਿਆ। ਜਦੋਂ ਇਹ ਦੋਵੇਂ ਇਕ ਦੂਜੇ ਦੇ ਨਜ਼ਦੀਕ ਪਹੁੰਚੇ ਤਾ ਕੁੜੀ ਨੇ ਮੁੰਡੇ ਨੂੰ ਝਿੜਕਦਿਆਂ ਪੁੱਛਿਆ, "ਤੂੰ ਨੇ ਸਾਰਾ ਨਾਸ਼ਤਾ ਇਕੇਲੇ ਹੀ ਕਿਉਂ ਖਾਇਆ?"

ਮੁੰਡਾ ਚੁੱਪ ਸੀ।

ਹੁਣ ਉਹ ਕੁੜੀ ਇਸੇ ਡੱਬੇ ਦੇ ਅਗਲੇ ਹਿੱਸੇ ਵਿੱਚ ਜਾ ਕੇ ਆਪਣਾ ਉਹੀ ਗੀਤ ਗਾਉਣ ਲੱਗ ਪਈ।

ਮੁੰਨੀ ਬਦਨਾਮ ਹੁਈ ਡਾਰਲਿੰਗ ਤੇਰੇ ਲੀਏ
ਮੈਂ ਝੰਡੂ ਬਾਮ ਹੁਈ ਡਾਰਲਿੰਗ ਤੇਰੇ ਲੀਏ।

ਪੰਜ ਸੱਤ ਮਿੰਟ ਉਹ ਗਾਉਂਦੀ ਰਹੀ ਅਤੇ ਗੋਲ-ਗੋਲ ਦਾਇਰਿਆਂ ਵਿੱਚ ਪਹਿਲਾਂ ਵਾਂਗ ਹੀ ਨੱਚਦੀ ਰਹੀ। ਫੇਰ ਉਸ ਨੇ ਇੱਕ-ਇਕ ਪੈਸਿੰਜਰ ਅੱਗੇ ਆਪਣੀ ਚੁੰਨੀ ਦਾ ਪੱਲਾ ਅੱਡ ਕੇ ਭੀਖ ਮੰਗਣੀ ਸ਼ੁਰੂ ਕੀਤੀ ਪਰ ਇੱਥੇ ਕਿਸੇ ਇਕ ਨੇ ਵੀ ਉਸ ਨੂੰ ਕੋਈ ਪੈਸਾ ਧੇਲਾ ਨਹੀਂ ਸੀ ਦਿੱਤਾ। ਇਹ ਸਭ ਦੇਖ ਮੈਂ ਆਪਣੀ ਸੀਟ ਤੋਂ ਉਠਿਆ ਤੇ ਪੰਜ ਰੁਪਏ ਦਾ ਇੱਕ ਸਿੱਕਾ ਆਪਣੀ ਜੇਬ ਵਿੱਚੋਂ ਕੱਢ ਕੇ ਉਸ ਦੀ ਹਥੇਲੀ ਉਤੇ ਰੱਖ ਮੁੜ ਆਪਣੀ ਸੀਟ

ਉਤੇ ਆ ਬੈਠਿਆ।

ਗੱਡੀ ਹੁਣ ਤੱਕ ਸਰਹਿੰਦ ਸਟੇਸ਼ਨ ਉਤੇ ਪਹੁੰਚ ਚੁੱਕੀ ਸੀ। ਕਈ ਪੈਸਿੰਜਰ ਹੇਠਾਂ ਉਤਰੇ, ਕਿਸੇ ਨੇ ਕੇਲੇ ਖਰੀਦੇ, ਕਿਸੇ ਨੇ ਸੰਗਤਰੇ...। ਕਈ ਪਾਣੀ ਪੀਣ ਲਈ ਹੀ ਹੇਠਾਂ ਉਤਰੇ ਸਨ। ਜਿਉਂ ਹੀ ਗੱਡੀ ਸਰਹਿੰਦ ਤੋਂ ਚੱਲੀ ਹਵਾ ਦਾ ਇਕ ਬੁੱਲਾ ਡੱਬੇ ਦੇ ਅੰਦਰ ਤੱਕ ਆ ਕੇ ਜਿਵੇਂ ਸਾਰੇ ਹੀ ਯਾਤਰੀਆਂ ਨੂੰ ਰਾਹਤ ਜਿਹੀ ਦੇ ਗਿਆ। ਜੂਨ ਦਾ ਮਹੀਨਾ ਹੋਣ ਕਾਰਨ ਗਰਮੀ ਵੀ ਜੋਬਨ ਉਤੇ ਸੀ।

ਮੇਰੇ ਸਾਹਮਣੇ ਵਾਲੀ ਸੀਟ ਉਤੇ ਬੈਠੀ ਇਕ ਮੁਟਿਆਰ ਦੀ ਗੋਦ ਵਿੱਚ ਲੇਟਿਆ ਦੋ-ਡੂਢ ਸਾਲ ਦਾ ਬੱਚਾ ਉਚੀ-ਉਚੀ ਰੋ ਰਿਹਾ ਸੀ। ਉਸ ਦੀ ਮਾਂ ਕਦੇ ਕੇਲਾ ਛਿਲ ਕੇ ਉਸ ਦੇ ਮੂੰਹ ਵਿੱਚ ਪਾਉਣ ਦੀ ਕੋਸ਼ਿਸ ਕਰਦੀ, ਕਦੇ ਸੰਗਤਰੇ ਦੀ ਫਾੜੀ ਦਾ ਰਸ ਉਸ ਦੇ ਮੂੰਹ ਵਿੱਚ ਲਾਉਂਦੀ ਪਰ ਬੱਚਾ ਰੋਣ ਤੋਂ ਨਾ ਹੀ ਹਟਿਆ।

ਹੁਣ ਸਾਡੇ ਡੱਬੇ ਵਿੱਚ ਦਸ-ਬਾਰਾਂ ਸਾਲ ਦੇ ਦੋ ਗਰੀਬੜੇ ਜਿਹੇ ਮੁੰਡੇ ਚੜ੍ਹ ਆਏ ਸਨ। ਆਉਂਦੇ ਸਾਰ ਦੋਹਾਂ ਨੇ ਆਪਣੇ-ਆਪਣੇ ਅਦਭੁੱਤ ਕਰਤਬ ਦਿਖਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦੇ ਕਰਤਬ ਕਿਸੇ ਸਰਕਸ ਦੇ ਜੋਕਰਾਂ ਤੋਂ ਘੱਟ ਨਹੀਂ ਸਨ ਲੱਗ ਰਹੇ।

ਫੇਰ ਇਕ ਜਮੂਰਾ ਬਣਿਆ, ਦੂਜਾ ਪ੍ਰਸ਼ਨ ਕਰਤਾ।

"ਬੋਲ ਜਮੂਰੇ ਜੋ ਮੈਂ ਪੁਛੂੰਗਾ ਬਤਲਾਏਗਾ?"

"ਬਤਲਾਊਂਗਾ।"

"ਤੁਮਾਰਾ ਬਾਪ ਕੌਣ ਹੈ?"

"ਬੰਦਰ।"

"ਤੋ ਤੂੰ ਬੰਦਰ ਕੀ ਔਲਾਦ ਹੈ?"

"ਹਾਂ।"

"ਤੁਮਾਰੀ ਮਾਂ ਕੌਣ ਹੈ?"

"ਜੋ ਤੁਮਾਰੀ ਮਾਂ ਹੈ।"

"ਤੂੰ ਕੌਣ ਹੈ?"

"ਮੈਂ ਖ਼ੁਦਾ ਕਾ ਬੰਦਾ।"

"ਖ਼ੁਦਾ ਕਹਾਂ ਹੈ?"

"ਖ਼ੁਦਾ ਕਹੀ ਵੀ ਨਹੀਂ ਹੈ।"

"ਝੂਠ! ਖ਼ੁਦਾ ਹੈ।"

"ਕਹਾਂ?"

"ਨਵੀਂ ਦਿੱਲੀ ਮੇਂ।"

ਇਸੇ ਤਰ੍ਹਾਂ ਸਵਾਲ ਜਵਾਬ ਕਰਦਿਆਂ ਦੋਹਾਂ ਮੁੰਡਿਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਤੇ ਉਨ੍ਹਾਂ ਦੀ ਝੋਲੀ ਵਿੱਚ ਕਾਫੀ ਸਿੱਕੇ ਆ ਪਏ। ਇਨ੍ਹਾਂ ਦੋਹਾਂ ਦੇ ਅਨੌਖੇ ਕਰਤਬ ਦੇਖਦਿਆਂ-ਦੇਖਦਿਆਂ ਸਾਡੀ ਗੱਡੀ ਅੰਬਾਲੇ ਪਹੁੰਚ ਗਈ ਸੀ। ਇੱਥੇ ਗੱਡੀ ਨੇ ਲੰਮਾ ਚਿਰ ਰੁਕਣਾ ਸੀ। ਇਸੇ ਕਰਕੇ ਇਕ ਵਾਰੀ ਤਾਂ ਪੂਰਾ ਡੱਬਾ ਹੀ ਖਾਲੀ ਲੱਗਣ ਲੱਗਿਆ। ਕੋਈ ਪੈਸਿੰਜਰ ਸਟੇਸ਼ਨ ਉਤੇ ਉਤਰ ਕੇ ਪਾਣੀ ਦੀ ਬੋਤਲ ਭਰ ਰਿਹਾ ਸੀ, ਕੋਈ ਕੋਕਾ-ਕੋਲਾ ਪੀ ਰਿਹਾ ਸੀ। ਕੋਈ ਗਰਮਾ-ਗਰਮ ਪੂਰੀ ਛੋਲੇ ਵਾਲੀ ਰੇਹੜੀ ਦੁਆਲੇ ਹੋ ਗਿਆ। ਲੱਗਦਾ ਸੀ ਇਸ ਸਟੇਸ਼ਨ ਉਤੇ ਆ ਕੇ ਜਿਵੇਂ ਸਾਰੇ ਹੀ ਪੈਸਿੰਜਰ ਆਪਣੀ-ਆਪਣੀ ਪੇਟ ਪੂਜਾ ਕਰਦੇ ਹਨ।

ਹੁਣ ਮੇਰੇ ਡੱਬੇ ਵਿੱਚ ਕੋਈ ਮਾੜਾ ਮੰਗਤਾ ਵੀ ਨਜ਼ਰ ਨਹੀਂ ਸੀ ਆ ਰਿਹਾ। ਮੈਂ ਵੀ ਆਪਣੀ ਸੀਟ ਉਤੇ ਅਖ਼ਬਾਰ ਰੱਖ ਕੇ ਹੇਠਾਂ ਉਤਰਿਆ ਤੇ ਇਕ ਬਿਸਲੇਰੀ ਦੇ ਪਾਣੀ ਦੀ ਬੋਤਲ ਖਰੀਦ ਕੇ ਮੁੜ ਆਪਣੀ ਸੀਟ ਉਤੇ ਆ ਬੈਠਿਆ।

ਹੁਣ ਤੱਕ ਸਾਰੇ ਡੱਬੇ ਵਿੱਚ ਕੂੜਾ ਹੀ ਕੂੜਾ ਭਰ ਗਿਆ ਸੀ। ਸੰਗਤਰੇ ਦੇ ਛਿਲਕੇ, ਗੰਦੇ-ਗੰਦੇ ਕਾਗਜ਼ ਅਤੇ ਅਖ਼ਬਾਰਾਂ ਵਿੱਚ ਲਪੇਟੀਆਂ ਰੋਟੀਆਂ ਵਾਲੇ ਕਾਗਜ਼ ਜੋ ਪੈਸਿੰਜਰਾਂ ਨੇ ਰੋਟੀ ਖਾ ਕੇ ਸੀਟਾਂ ਦੇ ਹੇਠਾਂ ਕਰ ਰੱਖੇ ਸਨ। ਸਾਰਾ ਹੀ ਡੱਬਾ ਜਿਵੇਂ ਹੁਣ ਕੂੜਾਦਾਨ ਲੱਗ ਰਿਹਾ ਸੀ।

ਮੈਂ ਸੋਚ ਰਿਹਾ ਸੀ, ਅੱਗੇ ਨੂੰ ਕਦੇ ਵੀ ਜਰਨਲ ਡੱਬੇ ਵਿੱਚ ਸਫ਼ਰ ਨਹੀਂ ਕਰਾਂਗਾ। ਇੱਥੇ ਤਾਂ ਦੁਨੀਆ ਭਰ ਦਾ ਕੂੜਾ ਕਰਕਟ ਭਰਿਆ ਰਹਿੰਦਾ ਹੈ। ਮੈਨੂੰ ਲੱਗਿਆ ਮਾੜੇ ਮੰਗਤੇ ਵੀ ਅਕਸਰ ਅਜਿਹੇ ਡੱਬਿਆਂ ਵਿੱਚ ਹੀ ਚੜ੍ਹਦੇ ਹਨ। ਗਰਮੀ ਨੇ ਵੀ ਜਿਵੇਂ ਅੱਜ ਹੱਦ ਹੀ ਮੁਕਾ ਦਿੱਤੀ ਸੀ। ਛੱਤ ਉਤੇ ਲੱਗੇ ਪੱਖੇ ਚੱਲ ਜ਼ਰੂਰ ਰਹੇ ਸਨ ਪਰ ਉਨ੍ਹਾਂ ਦੀ ਹਵਾ ਪਤਾ ਨਹੀਂ ਕਿੱਧਰ ਨੂੰ ਜਾ ਰਹੀ ਸੀ।

ਅੱਧਾ ਘੰਟਾ ਗੱਡੀ ਅੰਬਾਲੇ ਸਟੇਸ਼ਨ ਉਤੇ ਖੜ੍ਹੀ ਰਹੀ। ਸ਼ਾਇਦ ਇਸੇ ਲਈ ਹੁਣ ਇਕ ਨਵੀਂ ਮਾੜਚੂ ਜਿਹੀ ਕੁੜੀ ਸਾਡੇ ਡੱਬੇ ਵਿੱਚ ਆਈ ਤੇ ਹੱਥ ਵਿੱਚ ਫੜੇ ਜੂੜੇ (ਝਾੜੂ) ਨਾਲ ਸਾਡਾ ਡੱਬਾ ਸੰਭਰਨ ਲੱਗੀ। ਉਸ ਨੇ ਸੀਟ ਦੇ ਹੇਠਾਂ ਤੱਕ ਡੱਬੇ ਵਿੱਚੋਂ ਢੇਰ ਸਾਰਾ ਕੂੜਾ ਸੰਭਰ ਕੇ ਗੱਡੀ ਦੀ ਲਾਈਨ ਵਿੱਚ ਸੁੱਟ ਦਿੱਤਾ। ਫਿਰ ਉਸ ਨੇ ਡੱਬੇ ਵਿੱਚ ਬੈਠੇ ਇੱਕਾ-ਦੁੱਕਾ ਯਾਤਰੀਆਂ ਕੋਲੋਂ ਭੀਖ ਮੰਗੀ ਪਰ ਮਸਾਂ ਦੋ ਹੀ ਯਾਤਰੀਆਂ ਨੇ ਉਸ ਨੂੰ ਪੈਸੇ ਦਿੱਤੇ।

ਹੁਣ ਮੈਂ ਇਸ ਕੁੜੀ ਬਾਰੇ ਵੀ ਸੋਚੀ ਜਾ ਰਿਹਾ ਸੀ। ਉਸ ਨੇ ਮਿਹਨਤ ਕੀਤੀ ਸੀ। ਇਹ ਬੱਚੇ ਕਿਉਂ ਇਹੋ ਜਿਹਾ ਜੀਵਨ ਜੀਉਣ ਲਈ ਮਜਬੂਰ ਹਨ? ਮੇਰੇ ਜ਼ਿਹਨ ਵਿੱਚ ਹੁਣ ਬਹੁਤ ਸਾਰੇ ਸਵਾਲ ਉਗ ਆਏ ਸਨ। ਗੱਡੀ ਦਾ ਸਿਗਨਲ ਡਾਊਨ ਹੋ ਚੁੱਕਿਆ ਸੀ। ਇੰਨੇ ਵਿੱਚ ਅੱਧਖੜ ਉਮਰ ਦੇ ਦੋ ਹੋਰ ਮੰਗਤੇ ਸਾਡੇ ਡੱਬੇ ਵਿੱਚ ਚੜ੍ਹ ਆਏ। ਜਿਨ੍ਹਾਂ ਵਿੱਚੋਂ ਇਕ ਸੂਰਦਾਸ (ਅੰਨ੍ਹਾ) ਸੀ ਜੋ ਆਪਣੇ ਅੱਗੇ-ਅੱਗੇ ਚੱਲਦੇ ਸੁਜਾਖੇ ਬੰਦੇ ਦਾ ਮੋਢਾ ਫੜ੍ਹ ਕੇ ਵੀ ਟੋਹ-ਟੋਹ ਕੇ ਉਸ ਦੇ ਪਿੱਛੇ-ਪਿੱਛੇ ਤੁਰ ਰਿਹਾ ਸੀ।

ਇਹ ਦੋਵੇਂ ਸਿੱਧੇ ਤੌਰ 'ਤੇ ਤਾਂ ਭੀਖ ਨਹੀਂ ਸਨ ਮੰਗ ਰਹੇ ਪਰ ਤਰਸਯੋਗ ਸ਼ਬਦਾਂ ਰਾਹੀਂ ਇਕ ਭਜਨ-ਨੁਮਾ ਫਿਲਮੀ ਗੀਤ ਗਾਉਂਦੇ, ਹੌਲੀ-ਹੌਲੀ ਸਾਰੇ ਯਾਤਰੀਆਂ ਦੇ ਕੋਲੋਂ ਹੋ ਕੇ ਲੰਘ ਰਹੇ ਸਨ।

**ਐ ਮਾਲਕ ਤੇਰੇ ਬੰਦੇ ਹਮ**
**ਐਸੇ ਹੋ ਹਮਾਰੇ ਕਰਮ**
**ਨੇਕੀ ਪਰ ਚਲੇਂ**
**ਔਰ ਬਦੀ ਸੇ ਟਲੇਂ**
**ਤਾਂ ਕਿ ਹਸਤੇ ਹੂਏ ਨਿਕਲੇ ਦਮ...**
**ਐ ਮਾਲਕ ਤੇਰੇ ਬੰਦੇ ਹਮ**

**ਹੈ ਹਨੇਰਾ ਘਨਾ ਛਾ ਰਹਾ**
**ਤੇਰਾ ਇਨਸਾਨ ਘਬਰਾ ਰਹਾ**
**ਹੈ ਤੇਰੀ ਰੋਸ਼ਨੀ ਮੇਂ ਜੋ ਦਮ**

ਤੂੰ ਅਮਾਵਸ ਕੋ ਕਰਦੇ ਪੂਨਮ
ਨੇਕੀ ਪਰ ਚਲੇਂ ਔਰ ਬਦੀ ਸੇ ਟਲੇਂ
ਤਾਂ ਕਿ ਹੰਸਤੇ ਹੂਏ ਨਿਕਲੇ ਦਮ
ਐ ਮਾਲਕ ਤੇਰੇ ਬੰਦੇ ਹਮ...।

ਇਨ੍ਹਾਂ ਦੋਹਾਂ ਨੇ ਇਹ ਭਜਨ-ਨੁਮਾ ਗੀਤ ਕਾਫੀ ਸੁਰ ਵਿੱਚ ਗਾਇਆ ਸੀ। ਆਵਾਜ਼ ਵੀ ਕਾਫ਼ੀ ਸਾਫ ਸੀ। ਹੁਣ ਜਦੋਂ ਇਨ੍ਹਾਂ ਨੇ ਯਾਤਰੀਆਂ ਮੂਹਰੇ ਆਪਣੀ ਝੋਲੀ ਅੱਡੀ ਤਾਂ ਜਿਵੇਂ ਪੈਸਿਆਂ ਦਾ ਮੀਂਹ ਹੀ ਵਰਨ ਲੱਗ ਪਿਆ। ਸ਼ਾਇਦ ਹੀ ਕੋਈ ਅਜਿਹਾ ਪੈਸਿੰਜਰ ਹੋਵੇਗਾ ਜਿਸ ਨੇ ਇਨ੍ਹਾਂ ਦੀ ਝੋਲੀ ਵਿੱਚ ਕੋਈ ਸਿੱਕਾ ਨਾ ਪਾਇਆ ਹੋਵੇ।

ਇਉਂ ਲੋਕਾਂ ਦੀ ਹਮਦਰਦੀ ਬਟੋਰ ਇਹ ਦੋਵੇਂ ਅਗਲੇ ਸਟੇਸ਼ਨ ਉਤੇ ਸਾਡੇ ਡੱਬੇ ਵਿੱਚੋਂ ਉਤਰ ਗਏ।

ਹੁਣ ਤੱਕ ਗੱਡੀ ਪਾਨੀਪਤ ਪਹੁੰਚ ਚੁੱਕੀ ਸੀ। ਕਈ ਯਾਤਰੀ ਆਪਣਾ-ਆਪਣਾ ਸਮਾਨ ਸੰਭਾਲਣ ਲੱਗ ਪਏ ਸਨ। ਕਈਆਂ ਨੇ ਸਬਜ਼ੀ ਮੰਡੀ ਉਤਰਨਾ ਸੀ। ਉਹ ਵੀ ਉਪਰਲੇ ਫੱਟਿਆਂ ਉਤੇ ਪਏ ਆਪਣੇ ਬੈਗ ਆਦਿ ਹੇਠਾਂ ਉਤਾਰਨ ਲੱਗ ਪਏ ਸਨ।

ਗੱਡੀ ਅੱਜ ਸਮੇਂ ਸਿਰ ਹੀ ਦਿੱਲੀ ਪਹੁੰਚ ਰਹੀ ਸੀ ਜੋ ਅਕਸਰ ਲੇਟ ਹੋ ਜਾਂਦੀ ਹੈ। ਕਿੰਨਾ-ਕਿੰਨਾ ਚਿਰ ਸਬਜ਼ੀ ਮੰਡੀ ਹੀ ਖੜ੍ਹੀ ਰਹਿੰਦੀ ਹੈ।

ਮੈਂ ਮਨ ਹੀ ਮਨ ਬਹੁਤ ਖੁਸ਼ ਸਾਂ। ਆਪਣੀ ਮੰਗੇਤਰ ਨੂੰ ਮਿਲਣ ਦੀ ਚਾਹ ਮੇਰੇ ਦਿਲ ਵਿੱਚ ਤੀਬਰਤਾ ਨਾਲ ਜਾਗ ਉਠੀ ਸੀ। ਮੈਂ ਆਪਣਾ ਬੈਗ ਹੱਥਾਂ ਵਿੱਚ ਸੰਭਾਲੀ ਗੱਡੀ ਦੇ ਨਵੀਂ ਦਿੱਲੀ ਸਟੇਸ਼ਨ ਉਤੇ ਰੁਕਣ ਤੋਂ ਵੀ ਪਹਿਲਾਂ ਡੱਬੇ ਦੇ ਦਰਵਾਜ਼ੇ ਕੋਲ ਆ ਖੜ੍ਹਾ ਹੋਇਆ। ਜਿਉਂ ਹੀ ਗੱਡੀ ਰੁਕੀ ਛਾਲ ਮਾਰ ਕੇ ਹੇਠਾਂ ਉਤਰ ਮੈਂ ਕਾਹਲੀ-ਕਾਹਲੀ ਡਿੰਘਾਂ ਭਰਦਾ ਜਲਦੀ ਹੀ ਪਲੇਟਫਾਰਮ ਤੋਂ ਬਾਹਰ ਸਕੂਟਰ ਸਟੈਂਡ ਦੀ ਲਾਈਨ ਵਿੱਚ ਆ ਲੱਗਿਆ। ਪਰ ਕਤਾਰ ਬਹੁਤ ਲੰਬੀ ਦੇਖ ਮੈਂ ਮਨ ਬਦਲ ਲਿਆ ਤੇ ਝੱਟ ਸਕੂਟਰ ਫੜਨ ਲਈ ਬਾਹਰ ਸੜਕ ਉਤੇ ਆ ਖੜ੍ਹਾ ਹੋਇਆ। ਕਈ ਸਕੂਟਰਾਂ ਵੱਲ ਇਸ਼ਾਰਾ ਕੀਤਾ ਪਰ ਕੋਈ ਵੀ ਹਾਂ ਨਹੀਂ ਸੀ ਕਰ ਰਿਹਾ। ਇਸੇ ਚੱਕਰ ਵਿੱਚ ਮੈਂ ਸਟੇਸ਼ਨ ਤੋਂ ਬਾਹਰ ਕਾਫੀ ਦੂਰ ਤੱਕ ਕਨਾਟ ਪਲੇਸ ਵਾਲੀ ਸੜਕ ਤੱਕ ਆ ਗਿਆ।

ਅਚਾਨਕ ਪਰ੍ਹਾਂ ਸੜਕ ਦੀ ਪੱਟੜੀ ਦੇ ਪਿੱਛੇ ਛੋਟੇ ਜਿਹੇ ਲਾਅਨ ਵਿੱਚ ਖੜ੍ਹੀ ਮੈਨੂੰ ਉਹੀ ਕੁੜੀ ਨਜ਼ਰ ਆਈ ਜੋ ਗੱਡੀ ਵਿੱਚ ਫਿਲਮੀ ਗੀਤ, ਮੁੰਨੀ ਬਦਨਾਮ ਹੂਈ' ਗਾ ਕੇ ਭੀਖ ਮੰਗ ਰਹੀ ਸੀ। ਨਾਲ ਹੀ ਉਹ ਵਿੰਗੇ-ਟੇਡੇ ਪੈਰਾਂ ਵਾਲਾ ਬੱਚਾ ਉਸ ਦੇ ਨਾਲ ਸੀ।

ਮੈਂ ਕੋਲ ਨੂੰ ਜਾਂਦਿਆਂ ਕੁੜੀ ਵੱਲ ਦੇਖਿਆ ਪਰ ਉਸ ਨੇ ਮੂੰਹ ਪਰ੍ਹਾਂ ਨੂੰ ਕਰ ਲਿਆ। ਮੈਂ ਹੋਰ ਉਨ੍ਹਾਂ ਵੱਲ ਨੂੰ ਵਧਿਆ ਤਾਂ ਮੇਰੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਹੀ ਰਹਿ ਗਈਆਂ। ਉਥੇ ਤਾਂ ਹੋਰ ਵੀ ਕਈ ਮੈਲੇ-ਕੁਚੈਲੇ ਜਿਹੇ ਬੱਚੇ ਇਕ ਬੁੱਢੜੀ ਦੇ ਕੋਲ ਨੂੰ ਹੋ ਕੇ ਖੜ੍ਹੇ ਹੋਏ ਸਨ। ਇਹ ਬੁੱਢੀ ਇਨ੍ਹਾਂ ਸਾਰਿਆਂ ਤੋਂ ਭੀਖ ਵਿੱਚ ਮੰਗੇ ਪੈਸੇ ਇਕੱਠੇ ਕਰ ਰਹੀ ਸੀ। ਮੈਂ ਪ੍ਰੇਸ਼ਾਨੀ ਦੀ ਹਾਲਤ ਵਿੱਚ ਸੜਕ ਦੇ ਪਾਰ ਖਾਲੀ ਹੁੰਦੇ ਇਕ ਸਕੂਟਰ ਨੂੰ ਰੁਕਣ ਲਈ ਇਸ਼ਾਰਾ ਕੀਤਾ ਜਿਸ ਵਿੱਚੋਂ ਦੋ ਅੱਧਖੜ੍ਹ ਜਿਹੇ ਪੁਰਸ਼ ਉਤਰ ਰਹੇ ਸਨ। ਇਨ੍ਹਾਂ ਦੋਹਾਂ ਨੂੰ ਚੰਗੀ ਤਰ੍ਹਾਂ ਪਛਾਣਦਿਆਂ ਮੇਰੇ ਪੈਰਾ ਹੇਠੋਂ ਜਿਵੇਂ ਜ਼ਮੀਨ ਹੀ ਖਿਸਕ ਗਈ। ਇਹ ਤਾਂ ਉਹੀ ਦੋ ਭਿਖਾਰੀ ਸਨ ਜਿਨ੍ਹਾਂ ਵਿੱਚੋਂ ਇਕ ਗੱਡੀ ਵਿੱਚ ਸੂਰਦਾਸ ਬਣਿਆ ਹੋਇਆ ਸੀ। ਇਹ ਦੋਵੇਂ ਛੇਤੀ-ਛੇਤੀ ਡਿੰਘਾਂ ਭਰਦੇ ਓਸੇ ਬੁੱਢੀ ਕੋਲ ਪਹੁੰਚੇ ਜੋ ਓਹਲੇ ਜਿਹੇ ਵਿੱਚ ਖੜ੍ਹੀ ਥੋੜ੍ਹਾ ਚਿਰ ਪਹਿਲਾਂ ਬੱਚਿਆਂ ਕੋਲੋਂ ਭਾਨ ਇਕੱਠੀ ਕਰ ਰਹੀ ਸੀ। ਬੁੱਢੀ ਨੇ ਛੇਤੀ ਨਾਲ ਹੱਥਾਂ ਵਿੱਚ ਫੜੀ ਥੈਲੀ ਉਨ੍ਹਾਂ ਦੇ ਹਵਾਲੇ ਕੀਤੀ ਤੇ ਆਪ ਅੱਖ ਦੇ ਫੋਰ ਵਿੱਚ ਪਤਾ ਨਹੀਂ ਕਿੱਧਰ ਅਲੋਪ ਹੋ ਗਈ।

ਇਹ ਸਭ ਦੇਖ ਮੇਰੇ ਮਨ ਵਿੱਚ ਇਕ ਤੂਫ਼ਾਨ ਉਠ ਖੜ੍ਹਾ ਹੋਇਆ। ਹੁਣ ਮੈਂ ਸੋਚ ਰਿਹਾ ਸੀ ਕਿ ਸਕੂਟਰ ਥਾਣੇ ਵੱਲ ਮੋੜਾਂ ਜਾਂ ਫਿਰ ਆਪਣੀ ਮੰਗੇਤਰ ਦੇ ਘਰ ਜਾਵਾਂ। ਮੇਰੀ ਸਮਝ ਵਿੱਚ ਕੁਝ ਨਹੀਂ ਸੀ ਆ ਰਿਹਾ, ਸ਼ਾਇਦ ਇਹ ਬਾਲ ਮਜ਼ਦੂਰੀ ਦਾ ਅਜਿਹਾ ਅਣਛੋਹਿਆ ਪਹਿਲੂ ਹੈ ਜਿਸ ਤੋਂ ਅਸੀਂ ਜਾਣ-ਬੁੱਝ ਕੇ ਅਨਜਾਣ ਬਣੇ ਬੈਠੇ ਹਾਂ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**



# ਕਾਵਿ-ਕਿਆਰੀ



## ਸ੍ਰੀ ਗੁਰੂ ਗ੍ਰੰਥ ਸਾਹਿਬ
## (ਵਿਲੱਖਣਤਾ ਅਤੇ ਵਿਸ਼ੇਸ਼ਤਾ)

੧.

ਕ੍ਰਿਸ਼ਨ ਬਣਾਈ ਗੀਤਾ, ਗੁਰੂ ਨਾ ਕਹਾਇ ਸੱਕੀ,
ਗਿਆਨ ਭਰਪੂਰ ਚਾਹੇ, ਉੱਤਮ ਗਰੰਥ ਹੈ।
ਬੁੱਧ ਮਤ, ਜੈਨ ਹਿੰਦੂ, ਪਾਰਸੀ ਤੇ ਈਸਾ ਵਾਲੇ,
ਬਣ ਸੱਕੇ ਗੁਰੂ ਨਾਂਹੀ, ਪਾਵਨ ਗਰੰਥ ਹੈ।
ਕਤੇਬ ਤੇ ਕੁਰਾਨ ਕੀ, ਦੁਨੀਆਂ ਦੇ ਸੱਭੇ ਹੀ,
ਗੁਰੂ ਨਹੀਂ ਬਣੇ ਜਿੰਨੇ, ਧਰਮ ਗਰੰਥ ਹੈ।
ਦਸਵੇਂ ਗੁਰੂ ਨੇ ਹੱਥੀਂ, ਸੇਕ ਗੁਰਿਆਈ ਦਿੱਤੀ,
ਜੱਗ ਵਿਚ ਇਕੋ ਇਕ, "ਗੁਰੂ" ਇਹ ਗ੍ਰੰਥ ਹੈ।

੨.

ਧਰਮਾਂ ਦੇ ਰਹਿਬਰਾਂ ਨੇ, ਹੱਥੀਂ ਨਹੀਂ ਬਾਣੀ ਲਿਖੀ,
ਪੂਜਨੀਕ ਹੈਨ ਭਾਵੇਂ, ਸਾਰੇ ਹੀ ਗਰੰਥ ਨੇ।
ਬਾਈਬਲ ਈਸਾ ਵਾਲੀ, ਤ੍ਰਿਪਟਿਕ ਬੁੱਧ ਜੀ ਦੇ,
ਮਹਾਂਬੀਰ ਨਾਹੀਂ ਲਿਖੇ, ਆਪਣੇ ਗਰੰਥ ਨੇ।
ਕ੍ਰਿਸ਼ਨ ਜੀ ਰਚੀ ਗੀਤਾ, ਕੁਰਾਨ ਮੁਹੰਮਦ ਜੀ ਨੇ।
ਲਿਖੇ ਨਾਹੀ ਆਪ ਹੱਥੀ, ਪਾਵਨ ਗਰੰਥ ਨੇ।
ਪੰਜਵੇਂ ਗੁਰੂ ਨੇ ਬਾਣੀ, ਸੇਕ ਲਿਖਵਾਈ ਹੱਥੀਂ,
ਜੱਗ 'ਚ ਨਿਰਾਲੇ ਤਾਹੀਂ, "ਗੁਰੂ" ਇਹ ਗਰੰਥ ਨੇ।

੩.

ਵਰਨ ਧਰਮ ਕੁਲ, ਖਾਨਦਾਨ ਜਾਤ-ਪਾਤ,
ਗੁਰੂ ਗ੍ਰੰਥ ਵਿਚ ਕੁੱਲ, ਜੜ੍ਹਾਂ ਤੋਂ ਮੁਕਾਈ ਹੈ।
ਛੀਂਬੇ ਤੇ ਜੁਲਾਹੇ ਜੱਟ, ਬਾਮਣ ਚਮਾਰ ਜਿਹੇ,
ਭਗਤਾਂ ਦੀ ਸੱਚੀ ਸੁੱਚੀ, ਬਾਣੀ ਵੀ ਮਿਲਾਈ ਹੈ।
ਰਾਜਪੂਤ, ਮੁਸਲਿਮ, ਭੱਟ ਤੇ ਰਬਾਬੀ ਸਣੇ,
ਭਗਤ ਜੋ ਬਾਣੀ ਵਾਲੇ, ਨਾਈ ਤੇ ਕਸਾਈ ਹੈ।
ਦੁਨੀਆਂ 'ਚ ਸੇਕ ਹੋਰ, ਐਸੀ ਨ ਮਿਸਾਲ ਲੱਭੇ,
ਭਗਤਾਂ ਦੀ ਬਾਣੀ ਨਾਲ, ਆਪਣੇ ਰਲਾਈ ਹੈ।

੪.

ਉਦਾਸੀਆਂ ਦੇ ਵਿਚ ਗੁਰੂ ਨਾਨਕ ਜੀ ਯੂ ਪੀ ਰਹਿ ਕੇ,
ਬਾਣੀ ਪੰਜਾਂ ਭਗਤਾਂ ਦੀ, ਚੁਣ ਕੇ ਲਿਖਾਈ ਹੈ।
ਜੈ ਦੇਵ ਦੀ ਬੰਗਾਲ ਤੋਂ, ਬੇਣੀ ਦੀ ਬਿਹਾਰ ਤੋਂ,
ਤਿੰਨ ਮਹਾਰਾਸ਼ਟਰ ਦੇ, ਭਗਤਾਂ ਦੀ ਪਾਈ ਹੈ।
ਮੁਲਤਾਨ ਤੋਂ ਫਰੀਦ ਤੇ, ਸਧਨੇ ਦੀ ਸਿੰਧ ਤੋਂ,
ਪੀਪੇ ਦੀ ਗੁਜਰਾਤ 'ਚੋਂ ਲਿਆ ਕੇ ਮਿਲਾਈ ਹੈ।
ਗੁਰੂ ਨਾਨਕ ਨੇ ਸੇਕ, ਇੰਜ ਬਾਣੀ ਭਗਤਾਂ ਦੀ,
ਕੱਠੀ ਕਰ ਆਪ ਹੱਥੀਂ, ਗ੍ਰੰਥ ਵਿੱਚ ਪਾਈ ਹੈ।

੫.

ਗੁਰੂ ਪਿਛੋਂ ਗੱਦੀਆਂ ਦੇ, ਜੱਗ ਵਿਚ ਰੌਲੇ ਪੈਂਦੇ,
ਇਕ ਗੁਰੂ ਪਿਛੋਂ ਕਈ, ਗੁਰੂ ਬਣ ਛਾਏ ਨੇ।
ਦੂਜੇ ਗੁਰੂ ਅੰਗਦ ਨੂੰ, ਸਤਿਗੁਰ ਨਾਨਕ ਜੀ,
ਹੱਥੀਂ ਆਪ ਦੇ ਕੇ ਗੱਦੀ, ਫੇਰ ਜਾ ਸਮਾਏ ਨੇ।
ਏਸੇ ਤਰ੍ਹਾਂ ਬਾਕੀ ਗੁਰੂ, ਅਗਲੇ ਗੁਰੂ ਨੂੰ ਪਹਿਲੋਂ,
ਤਿਲਕ ਲਗਾ ਕੇ ਹੱਥੀਂ, ਸਚਖੰਡ ਧਾਏ ਨੇ।
ਜੱਗ ਵਿਚ ਸੇਕ ਐਸੀ, ਘੱਟ ਹੀ ਮਿਸਾਲ ਮਿਲੇ,
ਦਸੇ ਗੁਰੂ ਵਾਰੀ ਵਾਰੀ, ਗੱਦੀ ਦੇ ਸਿਧਾਏ ਨੇ।

੬.

ਹਾਜਰਾ ਹਜੂਰ ਅਤੇ ਜਾਹਰਾ ਜਹੂਰ ਗੁਰੂ,
ਸ੍ਰੀ ਗੁਰੂ ਗਰੰਥ ਜੀ, ਨਾਮ ਕੇ ਜਹਾਜ ਹੈਂ।
ਪਾਵਨ ਪਤਿਤਿ ਕਰੇਂ, ਹਲਤ ਪਲਤ ਰਾਖੇਂ,
ਸਰਬ ਸ਼ਕਤੀਮਾਨ, ਗੁਰੂ ਮਹਾਰਾਜ ਹੈਂ।
ਰਾਉ ਕਰੇਂ ਰੰਕ ਤਾਈਂ, ਰਾਜ ਦੇਹ ਭਿਖਾਰੀਆਂ ਨੂੰ
ਦੀਨਨ ਕੇ ਦਾਤੇ ਐਸੇ, ਗਰੀਬ ਨਿਵਾਜ ਹੈਂ।
ਕਲਯੁਗ ਵਿਚ ਸੇਕ, ਬਾਣੀ ਦੇ ਜੋ ਬੋਹਿਥ ਨੇ,
ਗੁਰੂ ਗਰੰਥ ਸਾਹਿਬ, ਪ੍ਰਤੱਖ ਗੁਰੂ ਆਜ ਹੈਂ।

**ਗੁਰਚਰਨ ਸਿੰਘ ਸੇਕ (ਗੰਗਾ ਨਗਰ)**


*****

## ਧਰਮ-ਕਰਮ

ਸਤਿਕਾਰਿਤ ਸਤਿਕਾਰੇ ਦੀ, ਦਰਦਮੰਦ ਬੁਲਾਰੇ ਦੀ, ਰਸਭਿੰਨੀ ਰਸਨਾ,
ਜੋ ਅਕੀਦਤ ਭੇਟ ਚੜ੍ਹਾਉਂਦੀ ਹੈ, ਸ਼ਰਧਾਂਜਲੀ ਅਖਵਾਉਂਦੀ ਹੈ।
ਬਚਪਨ ਜੁਆਨੀ ਬਜ਼ੁਰਗੀ ਦਾ, ਵਿਸਤ੍ਰਿਤ ਅੰਕਣ ਹੁੰਦੀ ਹੈ,
ਵਿਛੜੀ ਰੂਹ ਦੀ ਕਾਰਗੁਜ਼ਾਰੀ ਦਾ, ਮੁਲਾਂਕਣ ਹੁੰਦੀ ਹੈ।

ਉਸ ਮਿਕਨਾਤੀਸੀ ਸ਼ਖ਼ਸੀਅਤ ਨੂੰ, ਜਿਸ ਵੀ ਅਜ਼ਮਾਇਆ ਸੁਣਿਆ,
ਨਿੱਜੀ ਸੰਕਟ ਆਉਣ ਤੇ, ਉਸੇ ਨੂੰ ਸੰਕਟਮੋਚਨ ਚੁਣਿਆ।
ਉਸ ਦੀ ਹਿੰਮਤ ਹੌਂਸਲਾ ਹੱਠ, ਬੜਾ ਸਰਲ ਸਹਿਜ ਸੀ,
ਜਿਸ ਦੀ ਵੀ ਧਿਰ ਬਣ ਬੋਲਦਾ, ਹੁੰਦਾ ਸੱਚ ਮਹਿਜ਼ ਸੀ।

ਵੱਖਰੀ ਵਿਲੱਖਣ ਰਾਏ ਰੱਖਣੋਂ, ਘਬਰਾਉਂਦਾ ਨਾ,
ਸੱਚ ਕੀ ਬੇਲਾ ਸੱਚ ਕਹਿਣੋਂ, ਉਕਤਾਉਂਦਾ ਨਾ।
ਚੋਰਾਂ ਯਾਰਾਂ ਕੂੜਿਆਰਾਂ ਨੂੰ, ਮੂੰਹ ਲਾਉਂਦਾ ਨਾ,



ਉੱਚੇ ਸੰਘੇ ਬੋਲ ਕਦੇ ਪਛਤਾਉਂਦਾ ਨਾ।

ਕੋਈ ਗੱਲ, ਕਿੰਨੀ ਵੀ ਚੁੰਭਵੀਂ, ਬੇਸਲੀਕਾ ਹੁੰਦੀ,
ਉਹ ਬਾਸਲੀਕਾ ਢੰਗ ਨਾਲ ਕਹਿਣੀ ਜਾਣਦਾ ਸੀ।
ਕੋਈ ! ਝੂਠ-ਸੱਚ ਨੂੰ ਰਲਗਡ, ਲੱਖ ਪੇਸ਼ ਕਰੇ,
ਉਹ ਹੰਸਾਂ ਵਰਗੀ, ਪਾਰਖੂ ਪਹੁੰਚ ਦੇ ਹਾਣ ਦਾ ਸੀ।

ਕਹਿਣੀ ਕਥਨੀ ਕਰਨੀ ਦਾ, ਬਲਵਾਨ ਬੜਾ ਸੀ,
ਛੋਟਿਆਂ ਵੱਡਿਆਂ ਦਾ ਕਰਦਾ, ਸਨਮਾਨ ਬੜਾ ਸੀ।
ਵੇਖਣ ਨੂੰ ਸਿੱਧਾ ਸਾਦਾ, ਪਰ ਅਕੱਥ ਬੜਾ ਸੀ,
ਸਹਿਣਸ਼ੀਲ ਵੀ ਬਹੁਤ ਸੀ, ਪਰ ਸਮਰੱਥ ਬੜਾ ਸੀ।

ਸਮੇਂ ਅਨੁਸ਼ਾਸਨ ਪ੍ਰਸ਼ਾਸ਼ਨ ਦਾ, ਪਾਬੰਦ ਬੜਾ ਸੀ,
ਤਾਲਿਬ ਇਲਮਾਂ ਉਸਤਾਦਾਂ ਦੀ, ਪਸੰਦ ਬੜਾ ਸੀ।
ਨਿਮਰ ਤੇ ਨਿਰਮਾਣ ਸੀ, ਪਰ ਨਿੱਗਰ ਬੜਾ ਸੀ,
ਇੱਜ਼ਤ ਪੱਤ ਪ੍ਰਵਾਨ ਸੀ, ਪਰ ਨਿਡਰ ਬੜਾ ਸੀ।

ਨਾਸਾਜ਼ ਤਬੀਅਤ ! ਖੁਸ਼ੀਆਂ ਦੇ ਸ਼ੋਰ ਵਿਚ, ਜਾ ਸਕਦਾ ਨਹੀਂ ਸੀ,
ਪਰ ਗ਼ਮਖਾਰਾਂ ਦਾ ਗ਼ਮ, ਵੰਡਾਏ ਬਿਨ ਰਹਿ ਸਕਦਾ ਨਹੀਂ ਸੀ।
ਇਨਸਾਨ ਸੀ ਇਨਸਾਨੀਅਤ ਦਾ, ਅਲੰਬਰਦਾਰ ਝੰਡਾ ਬਰਦਾਰ ਸੀ,
ਬੇਈਮਾਨਾਂ ਸ਼ੈਤਾਨਾਂ ਲਈ, ਨਜ਼ਰ ਹੀ ਨਜ਼ਰ ਦੋਧਾਰੀ ਤਲਵਾਰ ਸੀ।

ਆਚਾਰ ਵਿਵਹਾਰ ਕਿਰਦਾਰ ਦਾ ਮੀਰ-ਏ-ਕਾਰਵਾਂ ਸੀ,
ਪਸਤੀਆਂ ਵਿਚ, ਪਿੱਸ ਕੇ ਵੀ ਉਹ ਆਸਮਾਂ ਸੀ।
ਜਣਨੀ ਜਨਮ ਭੂੰਮੀਂ ਦਾ ਰਿਹਾ, ਸਦਾ ਦੇਣਦਾਰ ਸੀ,
ਆਖਰੀ ਸੁਆਸਾਂ ਤੱਕ, ਸੁਆਸ ਸੁਆਸ ਵਫ਼ਾਦਾਰ ਸੀ।

ਅਧਿਕਾਰਾਂ ਲਈ ਪਹਿਰਾ ਦੇਣਾ, ਉਸ ਦਾ ਮੁਤਬੱਰਕ ਕਰਮ ਸੀ,
ਹੱਕਦਾਰਾਂ ਨੂੰ ਆਗਾਹ ਕਰਨਾ, ਉਸ ਦਾ ਮੁਕੱਦਸ ਧਰਮ ਸੀ।
ਧਰਮ ਦਾ ਕੰਮ ਤੋੜਨਾ ਨਹੀਂ, ਜੋੜਨਾ ਹੈ ਸਮਝਾਉਂਦਾ ਸੀ,
ਧਰਮ ਦੀ ਸ਼ਤਰੰਜ ਵਿਛਾ ਲੜਦਿਆਂ ਨੂੰ, ਹਟਾਉਂਦਾ ਸੀ।

ਬੁਰਾਈ ਬੁਰਿਆਰ ਬੁਰੇ ਨਹੀਂ ਏਨੇ, ਜਿੰਨੇ ਸਮਝੇ ਜਾਂਦੇ ਨੇ,
ਜ਼ਿੰਮੇਵਾਰ ਉਹ ਵੀ ਨੇ ਓਨੇ, ਜੋ ਵੇਖ ਕੇ ਸਹਿ ਜਾਂਦੇ ਨੇ।
ਉਸ ਇਕੱਲਾ ਰਹਿ ਕੇ ਵੀ, ਹੌਸਲਾ ਕਦੇ ਨਾ ਹਾਰਿਆ ਸੀ,
ਦੁਰਾਚਾਰਾਂ ਬੁਰਿਆਰਾਂ ਨੂੰ, ਬਣ 'ਸਵਾ ਲੱਖ' ਲਲਕਾਰਿਆ ਸੀ।

ਸਾਰੇ ਕਿਨਾਰੇ 'ਤੇ ਖੜ੍ਹ ਕੇ ਡੁਬਦਿਆਂ ਨੂੰ, ਤਮਾਸ਼ਾਈ ਬਣ ਵੇਖਦੇ ਰਹੇ,
ਕਿਸੇ ਵੀ ਛਾਲ ਨਾ ਮਾਰੀ, ਇਮਦਾਦ ਕਰਨ ਤੋਂ ਝੇਪਦੇ ਰਹੇ।
ਇਹ ਦੁਖਾਂਤ ਵੀ ਉਸ ਦੀ ਜ਼ਮੀਰ ਤੋਂ, ਸੁਣ ਹੋਇਆ ਨਾ,
ਤਾਹਯਾਤ ਸਰਗਰਮ ਰਿਹਾ, ਪਿੱਠ ਦੇ ਕੇ ਖੜੋਇਆ ਨਾ।

ਆਦਰਸ਼-ਸ਼ਹਿਰੀ ਸ਼ਹਿਰੀਅਤ ਸੀ, ਸੰਜਮੀਂ ਸੰਵਾਦ ਕੈਫ਼ੀਅਤ ਸੀ,
ਐਸੀ ਵਾਹਿਦ ਹੈਸੀਅਤ ਸੀ, ਮੌਖਿਕ ਵਾਕ ਵਸੀਅਤ ਸੀ।
ਉਸ ਦਾ ਪਿਆਰਾ ਨਾਹਰਾ ਸੀ, 'ਡਰ ਸਹੇ ਦਾ ਨਹੀਂ ਪਹੇ ਦਾ ਹੈ',
ਇਹ ਨਾ ਕਸੀਦਾ ਮਰਸੀਆ ਹੈ, ਚਰਚਾ ਉਹਦੇ ਕੀਤੇ ਕਹੇ ਦਾ ਹੈ।

ਬਿਨ ਜਾਣੇ ਜੋ ਗ਼ੈਰਾਂ ਲਈ, ਅਸਭਯਾ ਸੀ ਬਦਸੂਰਤ ਸੀ,
ਹਕੀਕਤ ਹੈ ਉਹ ਅੰਦਰੋਂ, ਖੂਬ ਸਭਯ ਸੀ ਖੂਬਸੂਰਤ ਸੀ।
ਹੱਕ-ਸੱਚ ਉਧਾਲ੍ਹਨ ਵਾਲਿਆਂ ਨੂੰ, ਉਹ ਕਦੇ ਨਾ ਸੌਲਦਾ ਸੀ,
ਪਸੀਨਾ ਡੋਲ੍ਹਨ ਵਾਲਿਆਂ ਲਈ, ਉਹ ਖ਼ੂਨ ਜਿਗਰ ਦਾ ਡੋਲ੍ਹਦਾ ਸੀ।

ਜੀਵਨ ਮੰਚ ਤੋਂ ਆਖਰੀ ਵਾਰ, ਆਪਣਾ ਕਿਰਦਾਰ ਨਿਭਾਉਣ ਤੋਂ ਬਾਦ,
ਅੱਜ ਫਿਰ ਉਸ ਦੀ, ਬਾਸ਼ਊਰ ਸ਼ਿਦਤ ਭਰਪੂਰ, ਜ਼ਹੂਰੀ ਜ਼ਰੂਰਤ ਹੈ।
ਉਸ ਤੋਂ ਹਮੇਸ਼ ਮਿਲਦੀ ਰਹੀ, ਸਮਕਾਲੀ ਟਕਸਾਲੀ ਅਗਵਾਈ ਵਾਂਗ ਹੀ,
ਅੱਜ ਉਸ ਦੀ ਮੁਬਾਰਕ ਯਾਦ, ਉਜਵਲ ਭਵਿੱਖ ਮਹੂਰਤ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
**98153-03206**

**1. 'ਆਸ਼ੀ' ਇਹ ਸੰਸਾਰ ਹੈ, ਜੈਸੇ ਨਿਰਮਲ ਨੀਰ,**
**ਜੇਹਾ ਇਸ ਵਿਚ ਝਾਕੀਏ, ਤੇਹੀ ਦਿਸੇ ਤਸਵੀਰ।**
**2. ਸ਼ਹਿਰ ਗੁਆਚੇ ਪਿੰਡ ਵਿਚ, ਪਿੰਡ ਗੁਆਏ ਸ਼ਹਿਰ,**
**ਨਿਰਮਲ ਜਲ ਨੂੰ ਤਰਸ ਗਈ, ਮੇਰੇ ਪਿੰਡ ਦੀ ਨਹਿਰ।**
**3. ਨਾ ਬੇਟੇ ਨਾ ਬੇਟੀਆਂ, ਸੁੱਖ ਦਾ ਮੂਲ ਅਧਾਰ,**
**ਸੁਖ ਤਾਂ ਮਿਲਦੈ 'ਆਸ਼ੀਆ' ਜੇ ਬਖ਼ਸ਼ੇ ਕਰਤਾਰ।**
**4. ਸੁਣ ਓਏ 'ਆਸ਼ੀ' ਕਮਲਿਆ, ਪਾਪ ਨਾ ਬਹੁਤੇ ਕਰ,**
**ਤੈਂ ਕਿਹੜੇ ਕਿੱਲ ਬੀੜਿਓ, ਤੈਂ ਵੀ ਜਾਣਾਂ ਮਰ।**

**ਆਸ਼ੀ ਈਸ਼ਪੁਰੀ**
**ਜਲੰਧਰ**

# ਪਸੀਨੇ ਦੀ ਬਦਬੂ ਦਾ ਕੁਦਰਤੀ ਇਲਾਜ

**ਪਰਕਾਸ਼ ਕੌਰ ਢਿੱਲੋਂ**



ਗਰਮੀ ਆਉਂਦੀ ਵੇਖ ਕੇ ਸਭ ਦੇ ਪਸੀਨੇ ਛੁੱਟਣ ਲੱਗ ਜਾਂਦੇ ਹਨ। ਪਰ ਪਸੀਨੇ-ਪਸੀਨੇ ਵਿਚ ਫਰਕ ਹੁੰਦਾ ਹੈ। ਇਕ ਪਸੀਨਾ ਉਹ ਹੁੰਦਾ ਹੈ ਜੋ ਕਿਸੇ ਤੋਂ ਡਰ ਕੇ ਆਉਂਦਾ ਹੈ, ਇਕ ਉਹ ਜੋ ਕਿਸੇ ਦੁਸ਼ਮਣ ਨੂੰ ਦੇਖ ਕੇ ਆਉਂਦਾ ਹੈ, ਘਬਰਾਓ ਨਹੀਂ! ਇੱਥੇਗ ਰਮੀਦੇ ਕ ਾਰਨਅ ਾਉਣਵ ਾਲੇ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਜਾਣਕਾਰੀ ਹਾਸਲ ਕਰਾਂਗੇ। ਪਸੀਨਾ ਤਾਂ ਹਰੇਕ ਨੂੰ ਆਉਂਦਾ ਹੈ ਪਰ ਕੁਝ ਲੋਕਾਂ ਦਾ ਪਸੀਨਾ ਏਨਾ ਜ਼ਿਆਦਾ ਬਦਬੂਦਾਰ ਹੁੰਦਾ ਹੈ ਕਿ ਉਨ੍ਹਾਂ ਕੋਲ ਖੜ੍ਹੇ ਵੀ ਨਹੀਂ ਹੋਇਆ ਜਾ ਸਕਦਾ। ਪਸੀਨੇ ਦੀ ਬਦਬੂ ਇਕ ਚੰਗੇ-ਭਲੇ ਵਿਅਕਤੀਤਵ ਦੀ ਚਮਕ ਫਿੱਕੀ ਕਰ ਕੇ ਰੱਖ ਦੇਂਦੀ ਹੈ। ਅਜਿਹਾ ਨਹੀਂ ਕਿ ਬਦਬੂਦਾਰ ਪਸੀਨਾ ਆਉਣ ਵਾਲੇ ਵਿਅਕਤੀਆਂ ਨੂੰ ਇਸ ਦਾ ਅਹਿਸਾਸ ਨਹੀਂ ਹੁੰਦਾ ਕਿ ਉਨ੍ਹਾਂ ਦਾ ਪਸੀਨਾ ਬਦਬੂਦਾਰ ਹੈ, ਉਨ੍ਹਾਂ ਨੂੰ ਇਸ ਬਾਰੇ ਪਤਾ ਹੁੰਦਾ ਹੈ ਅਤੇ ਉਹ ਮਨ ਹੀ ਮਨ ਇਸ ਬਾਰੇ ਸੋਚ ਕੇ ਹੀਣਭਾਵਨਾ ਨਾਲ ਪੀੜ੍ਹਤ ਹੋ ਜਾਂਦੇ ਹਨ। ਇਹ ਲੇਖ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਅਜਿਹੇ ਹੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਹੈ। ਕੁਝ ਲੋਕ ਪਰਫਿਊਮ ਐਂਟੀਪਰਸਪਾਯਰੇਂਟ ਤੇ ਡਿਓਡਰੈਂਟ ਦਾ ਇਸਤੇਮਾਲ ਆਪਣੇ ਸਰੀਰ ਤੇ ਕਰਕੇ ਆਪਣੇ ਪਸੀਨੇ ਦੀ ਬਦਬੂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ। ਪਰ ਅਜਿਹੇ ਲੋਕਾਂ ਨੂੰ ਅਸੀਂ ਦਸ ਦੇਈਏ ਕਿ ਐਂਟੀਪਰਸਪਾਯਰੇਂਟ ਜਿਸ ਦਾ ਕੰਮ ਪਸੀਨੇ ਨੂੰ ਰੋਕਣਾ ਹੈ ਅਤੇ ਡਿਓਡਰੈਂਟ ਜਿਸ ਦਾ ਕੰਮ ਪਸੀਨੇ ਦੀ ਬਦਬੂ ਨੂੰ ਰੋਕਣਾ ਹੁੰਦਾ ਹੈ, ਵਿਚ ਅਜਿਹੇ ਤੱਤਾਂ ਦੀ ਭਰਮਾਰ ਹੁੰਦੀ ਹੈ ਜੋ ਬੈਕਟੀਰੀਆ ਨੂੰ ਖਤਮ ਨਾ ਕਰਕੇ ਉਨ੍ਹਾਂ ਦੀ ਮਾਤਰਾ ਵਿਚ ਵਾਧਾ ਕਰ ਦੇਂਦੇ ਹਨ। ਐਂਟੀਪਰਸਪਾਯਰੇਂਟ ਪਸੀਨੇ ਨੂੰ ਰੋਕਣ ਤੇ ਬੈਕਟੀਰੀਆਵਾਂ ਨੂੰ ਨਾਸ ਕਰਨ ਵਿਚ ਸਫਲਤਾ ਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਕਈ ਵਾਰ ਇਨ੍ਹਾਂ ਦੇ ਇਸਤੇਮਾਲ ਨਾਲ ਸਰੀਰ ਵਿਚ ਅਲਰਜੀ ਪੈਦਾ ਹੋ ਜਾਂਦੀ ਹੈ।

**ਕਿਉਂ ਆਉਂਦੀ ਹੈ ਪਸੀਨੇ ਵਿੱਚੋਂ ਬਦਬੂ ?**: ਸਾਡੇ ਸਰੀਰ ਦੀ ਚਮੜੀ ਦੇ ਰੋਮਕੂਪਾਂ ਵਿੱਚੋਂ ਜਿਸ ਵਕਤ ਪਸੀਨਾ ਬਾਹਰ ਆਉਂਦਾ ਹੈ, ਉਸ ਵਕਤ ਉਹ ਗੰਧਹੀਣ ਹੁੰਦਾ ਹੈ, ਪਸੀਨੇ ਦੇ ਨਾਲ ਯੂਰੀਆ, ਨਮਕ, ਪ੍ਰੋਟੀਨ, ਵਸਾ ਦਾ ਨਿਕਾਸ ਹੁੰਦਾ ਹੈ। ਪਸੀਨੇ ਦਾ ਵਾਸ਼ਪੀਕਰਨ ਨਾ ਹੋਣ ਦੀ ਅਵਸਥਾ ਵਿਚ ਚਮੜੀ ਤੇ ਮੌਜੂਦ ਬੈਕਟੀਰੀਆ ਵਸਾ ਤੇ ਪ੍ਰੋਟੀਨ ਨਾਲ ਕ੍ਰਿਆ ਕਰਕੇ ਇਨ੍ਹਾਂ ਨੂੰ ਅਮੋਨੀਆ ਦੇ ਅਮਲ ਵਿਚ ਬਦਲ ਦੇਂਦੇ ਹਨ। ਅਮਲ ਤੇ ਅਮੋਨੀਆ ਦੀ ਉਤਪਤੀ ਕਾਰਨ ਹੀ ਪਸੀਨਾ ਬਦਬੂ ਵਾਲਾ ਬਣ ਜਾਂਦਾ ਹੈ।

**ਕਿਉਂ ਆਉਂਦਾ ਹੈ ਪਸੀਨਾ ?**: ਮਨੁੱਖੀ ਸਰੀਰ ਦੀ ਚਮੜੀ ਦੇ ਹੇਠਾਂ 20 ਲੱਖ ਦੇ ਆਸਪਾਸ ਪਸੀਨੇ ਵਾਲੀਆਂ ਗ੍ਰੰਥੀਆਂ ਹੁੰਦੀਆਂ ਹਨ। ਇਹ ਪਸੀਨਾ ਗ੍ਰੰਥੀਆਂ ਹੀ ਪਸੀਨੇ ਦਾ ਨਿਰਮਾਣ ਕਰਦੀਆ ਹਨ। ਹਰੇਕ ਗ੍ਰੰਥੀ ਵਿਚ ਬਹੁਤ ਹੀ ਨਾਜ਼ੁਕ ਤੇ ਛੋਟੀਆਂ-ਛੋਟੀਆਂ ਟਿਊਬਾਂ ਹੁੰਦੀਆਂ ਹਨ। ਇਨ੍ਹਾਂ ਟਿਊਬਾਂ ਦਾ ਮੂੰਹ ਸਰੀਰ ਦੀ ਚਮੜੀ ਦੀ ਅੰਦਰੂਨੀ ਪਰਤ ਡਰਮਿਸ 'ਚ ਥੋੜ੍ਹਾ ਉਪਰ ਹੁੰਦੇ ਹੋਏ ਚਮੜੀ ਦੀ ਉਪਰਲੀ ਪਰਤ ਤੇ ਆ ਕੇ ਖੁੱਲ੍ਹਦਾ ਹੈ। ਇਨ੍ਹਾਂ ਗ੍ਰੰਥੀਆਂ ਰਾਹੀਂ ਹੀ ਨਮਕ ਮਿਸ਼ਰਤ, ਵਸਾ ਮਿਸ਼ਰਤ, ਪ੍ਰੋਟੀਨ ਮਿਸ਼ਰਤ ਪਾਣੀ ਦਾ ਰਿਸਾਵ ਹੁੰਦਾ ਹੈ। ਸਰੀਰ ਦੇ ਤਾਪਮਾਨ ਨੂੰ ਨਿਯੰਤ੍ਰਿਤ ਕਰਨ 'ਚ ਇਹ ਗ੍ਰੰਥੀਆਂ ਮੁੱਖ ਭੂਮਿਕਾ ਨਿਭਾਉਂਦੀਆਂ ਹਨ। ਤੁਹਾਨੂੰ ਇਕ ਗੱਲ ਹੋਰ ਦੱਸ ਦੇਈਏ ਕਿ ਸਾਡੀ ਤੰਦਰੁਸਤੀ ਲਈ ਪਸੀਨਾ ਆਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਦੇ ਕਾਰਨ ਹੀ ਸਾਡੇ ਸਰੀਰ ਦਾ ਤਾਪਮਾਨ ਨਿਯੰਤ੍ਰਣ ਵਿਚ ਰਹਿੰਦਾ ਹੈ।

**ਬਦਬੂ ਤੋਂ ਬਚਾਅ** : ਇਕ ਵਾਰ ਪਹਿਨੇ ਹੋਏ ਕੱਪੜਿਆਂ ਨੂੰ ਬਿਨਾਂ ਧੋਤੇ ਅਲਮਾਰੀ 'ਚ ਨਾ ਰੱਖੋ। ਬਿਨਾਂ ਧੋਤੇ ਕੱਪੜਿਆਂ ਨੂੰ ਅਲਮਾਰੀ ਵਿਚ ਰੱਖਣ ਨਾਲ ਬਦਬੂ ਪੈਦਾ ਕਰਨ ਵਾਲੇ ਬੈਕਟੀਰੀਆ ਕ੍ਰਿਆਸ਼ੀਲ ਹੋ ਕੇ ਕੱਪੜਿਆਂ ਵਿਚ ਬਦਬੂ ਪੈਦਾ ਕਰ ਦੇਂਦੇ ਹਨ। ਸਰੀਰ ਦੀ ਸਾਫ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਨਿੰਮ ਵਾਲੇ ਸਾਬਣ ਦਾ ਨਹਾਉਂਦੇ ਸਮੇਂ ਇਸਤੇਮਾਲ ਕਰੋ ਤਾਂ ਚੰਗਾ ਰਹੇਗਾ। ਜਿੱਥੋਂ ਤਕ ਹੋ ਸਕੇ ਸਖ਼ਤ ਧੁੱਪ ਤੋਂ ਬਚੋ। ਕੱਪੜੇ ਅਜਿਹੇ ਪਹਿਨੋ ਜੋ ਸਰੀਰ ਨਾਲ ਚਿਪਕੇ ਹੋਏ ਨਾ ਹੋਣ ਕਿਉਂਕਿ ਤੰਗ ਕੱਪੜਿਆਂ ਵਿਚ ਜ਼ਿਆਦਾ ਪਸੀਨਾ ਆਉਂਦਾ ਹੈ ਅਤੇ ਵਾਸ਼ਪੀਕਰਨ ਸਹੀ ਢੰਗ ਨਾਲ ਨਹੀਂ ਹੁੰਦਾ ਜਿਸ ਕਾਰਨ ਕੱਪੜਿਆਂ ਵਿੱਚੋਂ ਬਦਬੂ ਆਉਣ ਲੱਗਦੀ ਹੈ। ਸਿੰਥੈਟਿਕ ਕੱਪੜੇ ਨਾ ਪਹਿਨ ਕੇ ਸੂਤੀ ਕੱਪੜੇ ਪਹਿਨੋ ਤਾਂ ਜ਼ਿਆਦਾ ਠੀਕ ਰਹੇਗਾ। ਤਲੀਆਂ-ਭੁੰਨੀਆਂ ਤੇ ਮਸਾਲੇ ਵਾਲੀਆਂ ਚੀਜ਼ਾਂ ਨਾ ਖਾਓ। ਮੌਸਮੀ ਫਲਾਂ ਦਾ ਸੇਵਨ ਕਰੋ।



ੴ
ਸਤਿਗੁਰ ਪ੍ਰਸਾਦਿ।।
ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮਪਦੁ ਪਾਈ ॥
ਮਹਾਨ ਗੁਰਮਤਿ ਸਮਾਗਮ
353 ਵਾਂ
ਗੁਰੂ ਲਾਧੋ ਰੇ
ਦਿਵਸ
ਮੱਖਣ ਸ਼ਾਹ ਲੁਬਾਣਾ ਗੁਰੂ ਤੇਗ ਬਹਾਦੁਰ ਜੀ ਦੇ ਮਿਲਨ ਤੇ
"ਗੁਰੂ ਲਾਧੋ ਰੇ, ਗੁਰੂ ਲਾਧੋ ਰੇ" ਦਾ ਅਵਾਜ਼ਾ ਦਿੰਦਾ ਹੋਇਆ
16 ਅਕਤੂਬਰ 2016, ਦਿਨ ਐਤਵਾਰ
ਗੁਰਦੁਆਰਾ ਸਿੰਘ ਸਭਾ, ਪਿੰਡ ਅਤੇ ਡਾਕਖਾਨਾ ਪੰਡੋਰੀ ਲੁਬਾਣਾ, ਅੰਮ੍ਰਿਤਸਰ ਵਿਖੇ ਮਨਾਇਆ ਜਾ ਰਿਹਾ ਹੈ
ਪ੍ਰੋਗਰਾਮ
ਪਾਠ ਸ੍ਰੀ ਸੁਖਮਨੀ ਸਾਹਿਬ ਜੀ : ਸਵੇਰੇ 9:00 ਤੋਂ 10:30 ਵਜੇ ਤੱਕ
ਸ਼ਬਦ ਕੀਰਤਨ : ਸਵੇਰੇ 10:30 ਤੋਂ 11:30 ਵਜੇ ਤੱਕ
ਭਾਈ ਸਤਨਾਮ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ
ਗੁਰਬਾਣੀ ਵਿਚਾਰ : ਸਵੇਰੇ 11:45 ਤੋਂ 12:45 ਵਜੇ ਤੱਕ
ਸਿੰਘ ਸਾਹਿਬ ਗਿ: ਜਗਤਾਰ ਸਿੰਘ ਜੀ ਐਡੀਸ਼ਨਲ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ
ਅਰਦਾਸ : 12:45 ਵਜੇ
ਫ੍ਰੀ ਅੱਖਾਂ ਦਾ ਕੈਂਪ
ਸਵੇਰੇ 8 ਤੋਂ 11 ਲਗਾਇਆ ਜਾ ਰਿਹਾ ਹੈ ਜੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
ਸਮੂਹ ਸਾਧ ਸੰਗਤ ਜੀ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ
ਦਾਸਰੇ:- ਬਾਬਾ ਮੱਖਣ ਸ਼ਾਹ ਲੁਬਾਣਾ ਵੈਲਫੇਅਰ ਫੋਰਮ (ਰਜਿ.)
926, ਸੈਕਟਰ-3, ਰਣਜੀਤ ਐਵੀਨਿਊ, ਅੰਮ੍ਰਿਤਸਰ। ਮੋ. 094171-45424, 098031-29595, 098728-77045


**डॉ. निर्मल सिंह, सेवादार पंजाबी सथ्थ लांबड़ा की छपी पुस्तक से धन्यवाद सहित प्रश्न-उत्तर छाप रहे हैं।**

भाग - 4

नहीं रीसाँ देश पंजाब दीयां

# की जाणा मैं कौण?

*( पंजाब की संस्कृति एवं समूची धरोहर )*



डॉ. निर्मल सिंह

| | प्रश्न | उत्तर |
|---|---|---|
| 80. | फिरंगियों का यार 'पहाड़ सिंह' कौन था? | फरीदकोट रियासत का राजा। |
| 81. | 'रानी जिंदां' कौन थी? | महाराजा रणजीत सिंह की सबसे छोटी रानी। |
| 82. | 'महाराजा दलीप सिंह' की मृत्यु कहाँ पर हुई? | पैरिस, फ्रांस 1893 ई.। |
| 83. | 'कैरो गाँव' ने पंजाब को कौन सा मुख्य-मंत्री दिया? | स. प्रताप सिंह कैरों। |
| 84. | 'साका नीला तारा' किसे कहते हैं? | भारत सरकार की तरफ से 1984 ई. में दरबार साहिब और अकाल तख़्त पर किए गए हमले को। |
| 85. | 'देश-भक्त यादगार' हाल कहाँ पर है ? | देश भक्त स्मृति सभागार, जालंधर। |
| 86. | 'गदर गूँज' समाचार-पत्र कहाँ से निकलता था। | युगांतर आश्रम सानफ्रांसिसको कैलीफोर्निया, अमरीका। |
| 87. | 'शिरोमणी कमेटी' कब अस्तित्व में आई? | 1925 ई.। |
| 88. | 'महान कोश' का लेखक कौन है? | भाई काहन सिंह नाभा। |
| 89. | 'राक गार्डन चंडीगढ़' किसकी मेहनत का परिणाम है। | श्री नेक चंद जी का। |
| 90. | 'दमदमी टकसाल' का मुख्य कार्यालय कहाँ पर है? | चौक मेहता, ज़िला अमृतसर। |
| 91. | 'रचना दोआब' कौन सी नदियों के बीच है? | रावी और चनाब के बीच। |
| 92. | 'पीरों' का शहर कौन सा है? | मुल्तान। |
| 93. | 'गुरू ग्रंथ साहिब' के कितने पृष्ठ हैं? | 1430 पृष्ठ। |
| 94. | 'चार वेद' कौन से है? | ऋग्वेद, सामवेद, यजुर्वेद, अर्थववेद। |
| 95. | 'चार कतेबों' के नाम बताओ? | तोरेत, जंबूर, अंजील, कुरान। |
| 96. | 'ईद' किस धर्म का त्यौहार है? | इस्लाम का। |
| 97. | 'होला महल्ला' कहाँ मनाया जाता है? | आनंदपुर साहिब। |
| 98. | 'ख़्वाजा गुलाम फ़रीद' की उपबोली कौन सी थी? | थली (लहिंदी)। |
| 99. | 'भाई वीर सिंह जी' कहाँ रहते थे? | अमृतसर। |
| 100. | 'लाला धनी राम चातरिक' कौन थे? | पंजाबी का कवि और प्रथम अक्षर जड़ने वाला। |
| 101. | 'मोहम्मद रफ़ी' कहाँ के रहने वाले थे? | गाँव कोटला सुल्तान सिंह, ज़िला अमृतसर पंजाब। |
| 102. | फ़िल्म अभिनेता 'दिलीप कुमार' का असली नाम क्या है? | युसुफ़ खान। |
| 103. | फिल्म अभिनेता 'धर्मेन्द्र' का गौत्र कौन सा है? | दिओल। |
| 104. | 'रबी' की मुख्य फसल कौन सी है? | गेहूँ। |
| 105. | 'तीज' का त्यौहार कब आता है? | सावन के चंद्रमा पक्ष की तीज से पूर्णामासी तक। |
| 106. | 'पंजाब के भवन निर्माण' की श्रेष्ठ कृति कौन सी है? | खालसा कालेज, अमृतसर। |
| 107. | 'उस्ताद-शार्गिद के मक़बरे' कौन से स्थान पर हैं? | नकोदर, ज़िला जालंधर। |
| 108. | 'पिंजोर उद्यान' किस राजा ने बनवाया? | मुगल बादशाह जहाँगीर। |

**ਸੋਧ**

**ਅਗਸਤ 2016 ਦੇ ਮੈਗਜ਼ੀਨ ਲੁਬਾਣਾ ਸੇਵਕ ਵਿਚ 'ਕੀ ਜਾਣਾ ਮੈਂ ਕੌਣ' ਪ੍ਰਸ਼ਨੋਤਰੀ ਵਿਚ ਪ੍ਰਿੰਟਰ ਦੀ ਗਲਤੀ ਨਾਲ ਗਲਤ ਮੈਟਰ ਛਪ ਗਿਆ ਸੀ। ਇਸ ਗਲਤੀ ਦਾ ਲੁਬਾਣਾ ਸੇਵਕ ਨੂੰ ਅਫ਼ਸੋਸ ਹੈ।**

# जापान के बारे में कुछ मज़ेदार बातें

1. जापान में, 10 साल की उम्र होने तक, बच्चों को कोई 'परीक्षा' नहीं देनी पड़ती।
2. जापान में बच्चे और अध्यापक एक साथ मिलकर क्लासरूम को साफ़ करते हैं।
3. जापान के लोगों की मौत, औसत आयु दुनिया में सबसे ज्यादा है। (82 साल)
4. जापान में, 100 साल से ज्यादा उम्र के 50,000 लोग हैं।
5. जापान के पास किसी प्रकार के 'प्राकृतिक संसाधन' नहीं है और वे प्रति वर्ष सैंकड़ों भूकंप भी झेलते हैं। किन्तु उसके बाद भी जापान दुनियां की दूसरी सबसे बड़ी आर्थिक शक्ति है।
6. "Sumo" जापान की सबसे लोकप्रिय खेल है। इसके इलावा बेसबॉल भी काफी लोकप्रिय है।
7. जापान में सबसे ज्यादा लोग पढ़े-लिखें हैं। जहां साक्षरता दर 100फीसदी है। जहां अखबारों और न्यूज चैनलों में, भारत की तरह दुर्घटना, राजनीति, वाद-विवाद, फिल्ली मसालों आदि पर खबरें नहीं छपती। यहां पर अखबारों में आधुनिक जानकारी और आवश्यक खबरें ही छपती है।
8. जापान में जो किताबें प्रकाशित होती हैं उन में से 20फीसदी Comic Book होती हैं।
9. जापान में नव वर्ष का स्वागत मंदिर में 108घंटियाँ बजाकर किया जाता है।
10. जापानी समय के बहुत पक्के हैं। यहां तो ट्रेनें भी ज्यादा से ज्यादा 18सैकेंड लेट होती हैं।
11. Vending Machine वह मशीन होती है जिसमें सिक्का डालने से कोई चीज़ आदि निकल आती है। जैसे कि नूड्लस, अंडे, केले आदि। जब आप जापान में होंगे तो इन मशीनों को हर जगह पाएँगे। यह हर सड़क पर होती है। जापान में लगभग 55 लाख वेंडिंग मशीन हैं।
12. जापान में देर रात तक नाचना मना है।
13. जापान में एक ऐसी बिलडिंग भी है जिसके बीच से हाइवे गुजरता है।
14. जापान चारों और से समुंदर से घिरा होने के बावजूद भी 27 प्रतिशत मछलियां, दूसरे देशों से मंगवाता है।
15. काली बिल्ली को जापान में भाग्यशाली माना जाता है।
16. जापान में 90फीसदी Mobile Water Proof हैं। क्योंकि ये लोग नहाते समय भी फोन यूज करते हैं।

**विशाल खोसला**
**लांबड़ा (जालंधर)**

## माँ की सीख

बेटा सबसे मिलकर रहना।
बातें कभी बुरी न कहना।
बोलों ऐसी मीठी बोली।
पिघले बंदूकों की गोली।
मन का क्रोध शांत हो जाए।
दुश्मन तेरे चरण दबाएँ।
जैसे फूल सुबह मुस्काता,
भँवरा जैसे गुन-गुन-गाता
तुम भी वैसे ही खुश रहना,
दुख में कभी न आंखें भरना।
रुखा-सूखा अपना खाना,
लेकिन कभी न हाथ फैलाना।
तेरे दर पर जो माथा झुकाए,
उसकी करना सदा भलाई।
सबसे अच्छी यहीं कमाई,
सबसे अच्छी यहीं कमाई।

**काजल**
**फरीदकोट**



## एक मिनट की कीमत

**अकसर विदेशियों से तुलना करने वाले हम भारतियों को उनकी इस आदत को अपनाना चाहिए।**


घटना दो वर्ष पुरानी है। मैं इंगलैंड गई थी। वहाँ लंदन से ब्रिस्टल शाहर जाने वाली बस में चढ़ी। बस का प्रस्थान समय नौ बजे का था। इसी कारण ठीक नौ बजे काँच का वह दरवाज़ा बंद हो गया जिसमें से बस में चढ़ने वालों की कतार आती थी।

ड्राइवर ने बस चालू ही की थी कि एक महिला का बेटा जो उसके लिए पानी की बोतल लाने गया था काँच के दरवाज़े को खुलवाने के लिए खटखटाने लगा। उस महिला ने चालक से अनुरोध किया कि दरवाज़ा खोलें तांकि वह पानी की बोतल ले सके। लेकिन उसने स्पष्ट मना कर दिया। उसने कहा, 'मैं अपनी खुद की पानी की बोतल आपको दे सकता हूँ, पर यात्रियों को एक मिनट भी देर नहीं करा सकता।' और वाकई बस चल पड़ी थी। यह घटना मेरे मन को छू गई, क्योंकि हमारे देश में एक मिनट की देर होना तो कोई मायने ही नहीं रखता है।

**गगनदीप कौर**

# The Morals and Ethics of Everlasting Wedlock

Dr. (Brig)
Daljitam Singh
Guru Nanak Mission
Hospital, Jalandhar



During the span of human existance, marriage is unique event on which the foundation of society is laid. According to code of Sikh Ethics, Conduct and Conventions it is not only the living of two bodies but also full integration of two minds and souls to achieve Mouksha by Union with the "Immortal Being". The Conjugal union has to be executed as a means of the fulfillments of the purpose of the journey of human existance when both have to lead clean Guru Oriented lives, through the instrumentality of their wedlock.

"True Wife and Husband are not those who live bodily to-gether but those who are united in spirit which illuminate their wedd life".[1]

The Anand Sanskar or Anand Marriage though practised during Guru period has been given statutory recognition under the Anand Marriage Act passed in 1909. Anand Vivah is an occasion of rejoicing, merry making and happiness, always celebrated with pomp and show by the families of bride and groom with active participation of relatives and friends. The actual ceremony is serene, solemn and spiritual. It is performed in the presence of Guru Granth Sahib usually at a Gurdwara. The couple goes circumbulating around the Guru Granth Sahib for four times when four "Lavans" are recited. The Lavans are embodiment of affirmation of commitment of the bride and the groom individually in the presence of Guru Granth Sahib Ji through which both of them unite to come in unison with the God. The Christians believe that "Marriages are arranged at Heaven and Solemnized on Earth" and that "those brought together by God should not be separated by man" Marriage is sacrosanct and the Bible commandment in "Thou shalt not commit adultery.[2]

Before discussing the marriage Vows of Sikh Matrimony, let us narrate some marriage Vows mentioned in Readers Digest :-

1. You can joke about the old ball and chain, but the studies show that being married is good for your health.
2. Men over 65 whose wives consider them a source of emotional strength usually live longer than less needed hubbies.
3. Diabetes sufferers who are in strong marriage manage their disease more successfully than their disconnected chums.
4. Married people are less likely to abuse drugs and alcohol and are more likely to have good sex.

It is rightly said that, it is very easy to get married but to stay married throughout the life is a work of fine arts.

There is a punjabi saying that "Ek-Ek, Tay Do Giaran" Let us consider "Those Fine Arts" and Eleven Folds Strength the couple acquires to face the arduous task of living happily married during Grihstha, a house holder life. Bhai Gurdas expounds about Grihastha :-

"Among the lakes Ocean is great, amongst the mountains Summer is the highest, amongst the trees, Sandal tree is the finest, Gold is costliest amongst the metals, Swan amongst the birds and Lion amongst the animals are great, amongst the stones the Paras Stone and amongst musical measures, the Sri Raag are the Chief Ones, Meditation upon the knowledge of Guru is great, like wise amongst the Dharma, performance of duties of the House Holder life is greatest."[3]

Life of Grihastha is not a bed of roses, it is struggle for existance and survival of the fitest. The

path to tread is "sharper than the edge of sword and thinner than the human hair".[4]

However, the path advocated by the Guru's as laid down in Guru Granth Sahib Ji, is "O Nanak the art of achieving inner bliss is complete when you meet a spiritual guide. Even when engaged in activities of daily life of laughing, playing, wearing cloths and eating one achieves salvation and also "The Truth is the Highest Virtue" says Guru Nanak Dev Ji, "But still higher is truthful living and good conduct".[5,6]

According to the Sikh doctorine the married couple has to take vow individually in front of Guru Granth Sahib ji to stick to code of "Pati Varta Dharam" and "Patni Varta Dharam". Guru Nanak and his successors have visualised themselves as Patni (Bride) and God Almighty as Pati (Bride groom) and enunciated the following qualities to be embibed by the couple to successfully ferry the Ocean of Grihastha.

**1. Mutual Love and Affection -** It is said God is an eternal love, Mother is Supreme love, and similarly the love between two married partners is basis of human existance. A deep rooted heart felt unflinching love ordained by the Sikh Ethics and Morality is the code to be strictly followed by the Couple. Love begets love it ensures conjugal fidelity, satisfying sexuality emotional understanding and enhances spirituality. The marriages it is said are made in the heaven so the love instinct in both the spouses is natural, eternal, automatic, unrestrained and flows to and fro like clean and pure spring water.

Thus says Guru Nanak Dev Ji "Only those partners ordianed by the God Almighty Satguru are joined in the wedlock". An urdu couplet Elucidates that "Certain hearts and souls are specifically earmarked for Love and Affection". To quote in urdu "Mohabat Ke Liye Kush Khas Dil Makhsoos Hote Hain". "Yeh who Nagma hai jo har saaj peh gaiya naheen jata". Guru Gobind Singh says "Listen to the Truth, Ye, O, the Mankind, only those who have loved have achieved the God Almighty". Guru Nanak says about conjugal love. The wife who does not enjoy the love of her husband pints and withers incessantly".[8]

**2. Humility, Truth Kindness and Contentment**

**The Guru says to virtuous wife :-**

(a) Humility is the word fogiveness the merit, sweetness of tongue the charm, these are the clothes you wear O Sister to conquer the Lord.[9]

(b) Make, Truth, Contentment, kindness and all noble qualities your says Nanak only then though art both a faithful wife and dear to thy God.[10]

(c) The spouse is attained only by discarding egoism never be achieved by any clever device.[11]

(d) Go and ask wedded wife by which qualities have you attained union with the Lord, just by living in supreme tranquilithy, contentment and by sweet talk.[12]

**3. Care, Share and Bear -** To make married life happy both the spouses have to take care of each other, share the domestic responsibility and when the going gets tough bear the brunt of impetuous tamper. The guidelines are the sweet words of "Yes Please". "Agreed Dear" "Well, it is OK", "Thank You", "I am Sorry", ready always to forgive, forget and adjust.

**4. Women, Thy Creed is sacrifice -** It is rightly said that "Behind Every Successful man, there is a woman". The positive role played by the women has always been appreciated by the Society. As Greh Lakhmi she is the wealth of home, more so in the modern era when she as working woman not only supplements the domestic income but often bringing a bigger packet than the husband. She also performs her traditional duties of wife, mother and house keeper. Just being highly educated, she is friend guide and Counseller to the husband. According to Bhai Gurdas Ji she is Ardhangini "One half of the Complete personality of the man". An ideal wife is gateway to the spiritual liberation for man himself. Guru Hargobind says "Aurat Imman Hai" (Women is the Conscience of Man. In Guru Granth Sahib the word Suhagan has often been used "A perfect model of ideal Womanhood". Here I am reminded of a urdu couplet which says "Shed

your egoism if you want to attain immortality. Like the seed by losing its existance in earth unfolds itself into florescene, fragrance and fruit". The urdu version is :-

**"Mita De Apni Hasti Ko Aggar Kuch Martaba Chahiye, Ke Dana Khak Mein Mil Kar Gulo Gulzar Hota Hai".**

**In Short abject surrender by wife is to conquer the husband, in-laws, society community, an example for others to emulate.**

**5. Moral Code of Ethics -** Gurmat and Guru Granth decries lust and infidelity. Right from childhood one knows when wealth is lost, nothing is lost, when health is lost, something is lost, but when character is lost everything is lost.

**Bhai Gurdas ji writes in this respect :-**

(a) Having one woman as his wife sikh is celebrate and considers any other's wife as mother, daughter or sister.[13]

(b) I love him deeply who does not go near other man's wife.[14]

(c) The Sikh ought to treat beautiful woman of others as his Mother, daughter or sister.[15]

**The Advice to Vitruous Husband**

(a) "The husband art thou, if thou touchest not a plant belonging to others, in the blooming garden of flowers, that the world is"[16]

(b) Guru Gobind Singh quotes his father's advice on morality :-

**"Since the days I come of age**
**My teacher so advised**
**Ever keep this vow my son**
**As long as your life abides**
**Affection for your wife**
**Must ever be on increase**
**Never should adultery in dream**
**Even by error arise"**

The essence of happy successful and spirituality fulfilled married life ending in Mokhsha is enshrined in the following couplet :-

**Kisi Ke Aap Ho Jana,**
**Ussay Apna Bana Lena**
**Yehi Hai hussan ki Tamanna,**
**Yehi hai Ishaq ka Fasana**

**"Self surrender by both spouses and conquering each other**

**Is all that beauty desires and love strives to achieve".**

* * *

**References**

**1. Guru Granth Sahib Ji - Raag Soohie, Page - 788 (G-III)**

**2. Bible New Testament Mark 10-9**

**3. Bhai Gurdas Kabit - 376**

**4. Guru Granth Sahib, Raag Ramkali Page - 918 (G-III)**

**5. Guru Granth Sahib, Raag Gauri (G-V)**

**6. Guru Granth Sahib, Sri Raag Page - 62 (G-I)**

**7. Guru Granth Sahib Raag Ramkali - Page - 957 (G-V)**

**8. Guru Granth Sahib, Raag Malar and Guru Gobind Singh (Sawaiye Sarawag Sudh)**

**9. Guru Granth Sahib, Salok Farid Page - 1374**

**10. Guru Granth Sahib, Raag Bilawal (G-V)**

**11. Guru Granth Sahib, Raag Tiland (G-I)**

**12. Guru Granth Sahib, Sri Raag (G-I)**

**13. Bhai Gurdas Vaar - 6**


**14. Bhai Gurdas Vaar - 12**

**15. Bhai Gurdas Vaar - 29**

**16. Guru Granth Sahib, Raag Maru Page - 1095 (G-V)**

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

# HEART ATTACK EMERGENCY NATURAL HELP



We come across daily with many emergency health problems. The worst is Heart Attack. All of a sudden patient goes in shock, becomes unconscious. Cold sweating, Pallor, pain in left side of chest, we call the doctor immediately, doctor comes Checks pulse and says sorry, patient is dead. If we take the patient to hospital Emergency, after checking the pulse doctor says–sorry brought dead.

In such circumstances when patient goes in shock doctor reaches to the patient Or we take the patient to hospital Emergency till that time we can do some natural procedures in the way, which may proove helpful for the Heart patient.

Keep the patient in lying position may be in car or on ground or bed, head and feet in same horizontal position.

Give intermittent pressure (Accupressure) like bell push one inch below little finger of left hand for 20 seconds, repeat on thumb tip for 20 seconds (As in pic). Same peocedure on the right hand.

After that put both hands of patient with index finger tip at the base of thumb, tips of middle and ring fingers with tip of thumb hold in this position till you get medical help. Patient is unconsious and hands may open automatically, he may not be able to keep the hands in this position till we get the medical help. In this situation we can tie handkerchief or any available cloath in this position.



This procedure Accupressure on hands and position of hands finger touch helps the Heart like a pace maker. Patient may regain consciousness and Angina Pain may go.


The week pulse becomes prominent. Patient will be able to take further treatment. Respiration will improve. This is Emergency NATUROPATHY for Heart patients This is practically tested. I have tested this in my clinic and outside with success.

Please share with your friends and family members. This is world peace massage from NATUROPATHY.

**Dr. Surinder Singh**
**B.D.S.,P.G.D. Yoga & Health Education**
**Thana Road, MUKERIAN**
**M: 9814750836, 01883-244587**



# MATRIMONIAL



**Suitable match for Lobana clean shaven boy, born on 1988, 6'1", Mechanical Engineer, working in Australia holding American E-2 Visa, Father businessman in America , mother living in Mohali. Educated girl with minimum 5'6" American Visa holder preferred. Contact: - 81468-26178**

* * *

**Lubana slim fair Sikh girl, BCA , Born on 1988, 5'3". Working in Haryana Govt. Chandigarh. Preferred well settled working in Govt. or reputed MNC in tricity only. Contact: - 78376-40588/94652-15736**

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-8-2016 ਤੋਂ 31-8-2016

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-8242 | 03-09-2016 |
| 2. | ਸ. ਮਹਿੰਦਰ ਸਿੰਘ ਸਪੁੱਤਰ<br>ਸ. ਮੰਗਲ ਸਿੰਘ, ਪਿੰਡ ਤੇ ਡਾ.-ਹਵੇਲੀਆਂ,<br>ਤਹਿਸੀਲ-ਬਿਲਾਸਪੁਰ, ਜ਼ਿਲ੍ਹਾ-ਯਮੁਨਾਨਗਰ | 500/- | ਐਚ-7219 | 05-09-2016 |
| 3. | ਬੀਬੀ ਚਰਨਜੀਤ ਕੌਰ ਸੁਪਤਨੀ<br>ਸਵਰਗਵਾਸੀ ਗੁਰਬਚਨ ਸਿੰਘ<br>ਮਕਾਨ ਨੰ.-141, ਸੈਕਟਰ-11, ਪੰਚਕੂਲਾ | 25000/- | ਐਚ-7220 | 09-09-2016 |
| 4. | ਬੀਬੀ ਬਬੀਤਾ ਸਪੁੱਤਰੀ ਸ. ਗੁਰਨਾਮ ਸਿੰਘ<br>ਮਕਾਨ ਨੰ.-3652, ਗੁਰੂ ਨਾਨਕਪੁਰਾ, ਆਦਰਸ਼ ਨਗਰ, ਅੰਮ੍ਰਿਤਸਰ | 500/- | ਐਚ-9867 | 10-09-2016 |
| 5. | ਗੁਪਤ ਦਾਨ | 500/- | ਐਚ-8246 | 16-09-2016 |
| 6. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-8247 | 16-09-2016 |
| 7. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-8248 | 16-09-2016 |
| 8. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-8249 | 16-09-2016 |
| 9. | ਸ. ਧਰਮਵੀਰ ਸਿੰਘ ਕੇਅਰ ਟੇਕਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ -8250 | 16-09-2016 |
| 10. | ਸ. ਨਿਰਮਲ ਸਿੰਘ ਮਕੋਵਾਲ (ਰੋਪੜ) | 100/- | ਐਚ-8601 | 16-09-2016 |
| 11. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ , ਚੰਡੀਗੜ੍ਹ | 200/- | ਐਚ -8602 | 16-09-2016 |
| 12. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ.-3405, ਸੈਕਟਰ-40 ਡੀ, ਚੰਡੀਗੜ੍ਹ | 200/- | ਐਚ -8603 | 16-09-2016 |

| | | | | |
|---|---|---|---|---|
| 13. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-8604 | 16-09-2016 |
| 14. | ਸ. ਗੁਰਬਖ਼ਸ਼ ਸਿੰਘ ਘੋਤੜਾ | 100/- | ਐਚ-8605 | 16-09-2016 |
| 15. | ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-8606 | 16-09-2016 |
| 16. | ਸ. ਐਨ.ਪੀ. ਸਿੰਘ, ਚੰਡੀਗੜ੍ਹ | 200/- | ਐਚ-8607 | 16-09-2016 |
| 17. | ਸ. ਹਰਭਜਨ ਸਿੰਘ ਡੀ.ਆਈ.ਜੀ. (ਰਿਟਾ.) | 500/- | ਐਚ-8608 | 16-09-2016 |
| 18. | ਸ. ਗਿਆਨ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ),<br>ਮਕਾਨ ਨੰ.-42, ਸੈਕਟਰ-16 ,ਚੰਡੀਗੜ੍ਹ | 500/- | ਐਚ-8609 | 16-09-2016 |
| 19. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ, ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 500/- | ਐਚ-8610 | 16-09-2016 |
| 20. | ਸ. ਰਾਜਪਾਲ ਸਿੰਘ ਮਨੀਮਾਜਰਾ | 1000/- | ਐਚ -8611 | 16-09-2016 |
| 21. | ਸ. ਹਰਦਿਆਲ ਸਿੰਘ ਘੋਤੜਾ, ਚੰਡੀਗੜ੍ਹ | 100/- | ਐਚ -8612 | 16-09-2016 |
| 22. | ਸ. ਗੁਰਬਚਨ ਸਿੰਘ<br>ਮਕਾਨ ਨੰ.-2808/2, ਸੈਕਟਰ-47-ਸੀ, ਚੰਡੀਗੜ੍ਹ | 100/- | ਐਚ-8613 | 16-09-2016 |
| 23. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-8614 | 16-09-2016 |
| 24. | ਸ. ਦਰਸ਼ਨ ਸਿੰਘ<br>ਸੈਕਟਰ-22 ਬੀ, ਚੰਡੀਗੜ੍ਹ | 200/- | ਐਚ-8615 | 16-09-2016 |
| 25. | ਸ. ਮਨ ਹਰਪ੍ਰੀਤ ਸਿੰਘ<br>ਮਕਾਨ ਨੰ.-7113, ਸੰਨੀ ਐਨਕਲੇਵ, ਖਰੜ | 500/- | ਐਚ -8616 | 16-09-2016 |
| 26. | ਸ. ਦਰਬਾਰਾ ਸਿੰਘ<br>ਸੈਕਟਰ-46-ਏ, ਚੰਡੀਗੜ੍ਹ | 500/- | ਐਚ -8617 | 16-09-2016 |
| 27. | ਬੀਬੀ ਚਰਨਜੀਤ ਕੌਰ ਸੁਪਤਨੀ<br>ਸਵਰਗਵਾਸੀ ਗੁਰਬਚਨ ਸਿੰਘ, ਮਕਾਨ ਨੰ.-141, ਸੈਕਟਰ-11, ਪੰਚਕੂਲਾ | 500/- | ਐਚ-8619 | 16-09-2016 |
| 28. | ਸ. ਇੰਦਰਜੀਤ ਸਿੰਘ ਭਗਤਾਨਾ | 100/- | ਐਚ-8620 | 16-09-2016 |

## ਗੁਰੂ ਲਾਧੋ ਰੇ ਦਿਵਸ

| | | | | |
|---|---|---|---|---|
| 1. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ.-795, ਫੇਸ-3 ਬੀ -1, ਮੋਹਾਲੀ | 2100/- | ਐਚ -8618 | 16-09-2016 |

# ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਵੱਲੋਂ ਸਿਹਤ ਖੇਤਰ ਵਿਚ ਮੋਬਾਈਲ ਐਂਬੂਲੈਂਸ ਕਮ ਕਲੀਨਿਕਲ ਵੈਨ ਵੱਲੋਂ ਤਹਿ. ਨਰਾਇਣਗੜ੍ਹ ਜ਼ਿਲ੍ਹਾ ਅੰਬਾਲਾ ਖੇਤਰ ਦੇ ਪਿੰਡਾਂ ਵਿਚ ਕੈਂਪ ਲਗਾਉਣ ਦੇ ਕੁਝ ਦ੍ਰਿਸ਼














Regd No. 32212/78 Postal No.-- CHD/0111/2015-17



ਬਾਬਾ ਤੇਗਾ ਜੀ ਦੇ ਚਰਨਾਂ ਵਿਚ ਪੁੱਜ ਕੇ ਪੰਜ ਮੋਹਰਾਂ ਨਾਲ ਜਦੋਂ ਮੱਥਾ ਟੇਕਿਆ ਤਾਂ ਸੱਚੇ ਗੁਰੂ ਨੇ ਕਿਹਾ ਕਿ ਮੱਖਣ ਸ਼ਾਹ ਗੁਰੂ ਮੋਹਰਾਂ ਦਾ ਲਾਲਚੀ ਨਹੀਂ ਪ੍ਰੰਤੂ ਪੰਜ ਸੋ ਮੋਹਰਾਂ ਸੁੱਖ ਕੇ ਪੰਜ ਦੇ ਰਿਹਾ ਹੈ ਅਮਾਨਤ ਵਿਚ ਖਿਆਨਤ ਨਾ ਕਰ। ਬਾਬਾ ਜੀ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ



ਬਾਬਾ ਮੱਖਣ ਸ਼ਾਹ ਲੁਬਾਣਾ ਬਾਬਾ ਬਕਾਲੇ ਵਿਖੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਨ ਸਮੇਂ ਕੋਠੇ 'ਤੇ ਚੜ੍ਹ ਕੇ ਹੋਕਾ ਦਿੰਦੇ ਹੋਏ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਅਰਥਾਤ ਗੁਰੂ ਲੱਭ ਪਿਆ ਹੈ।